# ਸੂਰਾ


ਮਾਸਕ ਪੱਤਰ

ਅੰਮ੍ਰਿਤਸਰ AMRITSAR

## ਗੁਰਦਵਾਰਾ ਨਾਨਕ ਝੀਰਾ, ਬਿਦਰ

ਮਾਰਚ ੧੯੭੫

M 19.



ਇਥੇ ਗੁਰੂ ਨਾਨਕ ਦੇਵ ਜੀ ਨੇ ਮਿਠੇ ਪਾਣੀ ਦਾ ਚਸ਼ਮਾ ਵਗਾਇਆ ਜੋ ਹੁਣ ਤਕ ਸਾਰੇ ਇਲਾਕੇ ਨੂੰ ਤ੍ਰਿਪਤ ਕਰ ਰਿਹਾ ਹੈ ।

www.AKJ.org
www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿੱਠੀ ਨੰਬਰ ੩/੭੦-੬੮-੨੧ (ਅ. ੫) ਮਿਤੀ ੧੭-੧੦-੬੮ ਅਨੁਸਾਰ
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬ੍ਰੇਰੀਆਂ ਲਈ ਪਰਵਾਨ ਹੈ।

## ਤਤਕਰਾ

| | | |
|---|---|---|
| ਏ ਮਨ ਰੂੜੇ੍ ਰੰਗੁਲੇ, ਤੂੰ ਸਚਾ ਰੰਗੁ ਚੜਾਇ | ਸ੍ਰੀ ਗੁਰੂ ਅਰਜਨ ਦੇਵ ਜੀ | ੧ |
| ਰੰਗ-ਰਤੜਾ ਹੋਲਾ | ਸੂਰਾ ਪਰਵਾਰ | ੨ |
| ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਜੀਵਾਂ ਦਾ ਉਧਾਰ ਕਿਵੇਂ ? | ਭਾ: ਸਾ: ਰਣਧੀਰ ਸਿੰਘ ਜੀ | ੩ |
| ਅਕਾਲ ਪੁਰਖ ਦੀ ਦਰਗਾਹ (੫) | ,, ,, | ੯ |
| ਅਪਣੀ ਬਿਧਿ ਆਪ ਜਣਾਈ | ਸ: ਰਾਮ ਸਿੰਘ ਜੀ ਢਿਲੋਂ | ੧੩ |
| ਵੈਰ ਤੇ ਵਿਰੋਧ ਕਿਉਂ ? | ਭਾਈ ਸਾਹਿਬ ਵੀਰ ਸਿੰਘ ਜੀ | ੧੬ |
| ਗੁਰੂ ਨਾਨਕ ਦੇਵ ਜੀ.........? | ਸਾਰੰਗ ਜੀ, ਕਪੂਰਥਲਾ | ੧੮ |
| ਗੁਰਸਿਖੀ ਅਤੇ ਕੇਸ | ਸ: ਬਿਕਰਮ ਸਿੰਘ ਜੀ | ੨੧ |
| ਕੇਸਾਂ ਦੀ ਮਹਾਨਤਾ | ਗਿ: ਗੋਪਾਲ ਸਿੰਘ ਜੀ, ਮਿੱਤਰ | ੨੪ |
| ਖ਼ਾਲਸਾ ਜੀ ਜਾਗੋ ! ਸਮਾਂ ਸੰਭਾਲੋ !! | ,, ,, | ੨੫ |
| ਦਿਲ ਕੇ ਆਈਨਾ ਮੇਂ ਹੈ ਤਸਵੀਰ ਤੇਰੀ | ਸ: ਸਾਧੂ ਸਿੰਘ ਜੀ ਸੂਫ਼ੀ | ੨੬ |
| ਮੌਤ ਕੀ ਹੈ ? | ਬੀਬੀ ਅਜੀਤ ਕੌਰ ਜੀ | ੨੭ |
| ਮਸਤਾਨਾ ਕਛਹਿਰਾ | ਇਕ ਪਾਠਕ ਜੀ | ੨੯ |
| ਮਾਤਾ ਸੁਲੱਖਣੀ ਜੀ | ਸ: ਵਰਿਆਮ ਸਿੰਘ ਜੀ | ੩੧ |
| ਸਿਖ ਧਰਮ ਤੇ ਮਾਸ ਸ਼ਰਾਬ (ਗੁਰ-ਇਤਿਹਾਸ ਵਿਚੋਂ) (੫) | ਜੇ. ਪੀ. ਸੰਗਤ ਸਿੰਘ ਜੀ | ੩੪ |
| ਜੀਵਤ ਪਿਤਰ ਨ ਮਾਨੈ ਕੋਊ | ਗੁਰਮਤਿ ਵਿਚਾਰ ਪਤ੍ਰਕਾ | ੩੮ |
| ਸਰਬ ਸੰਸਾਰ ਸਿਖ ਕਨਵੈਨਸ਼ਨ ਦੇ ਜ਼ਰੂਰੀ ਮਤੇ | ,, ,, | ੩੯ |

## 'ਸੂਰਾ' ਮਾਸਕ ਪੱਤਰ ਦੀ ਮਾਲਕੀ ਆਦਿ ਤੱਥਾਂ ਦਾ ਵੇਰਵਾ

ਫ਼ਾਰਮ ੪ (ਰੂਲ ੮)

| | |
|---|---|
| ੧. ਪ੍ਰਕਾਸ਼ਤ ਹੋਣ ਦੀ ਥਾਂ | ਅੰਮ੍ਰਿਤਸਰ |
| ੨. ਪ੍ਰਕਾਸ਼ਨ ਸਮਾਂ | ਮਾਸਿਕ |
| ੩-੪. ਪ੍ਰਿੰਟਰ ਪਬਲਿਸ਼ਰ—ਨਾਂ, ਕੌਮੀਅਤ ਤੇ ਪਤਾ | ਸੇਵਾ ਸਿੰਘ, ਭਾਰਤੀ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ |
| ੫. ਐਡੀਟਰ—ਨਾਂ, ਕੌਮੀਅਤ ਤੇ ਪਤਾ | ਗਿ. ਜਸਵੰਤ ਸਿੰਘ, ਭਾਰਤੀ, ੫੪੨-ਈਸਟ ਮੋਹਨ ਨਗਰ, ਅੰਮ੍ਰਿਤਸਰ |
| ੬. ਮਾਲਕ— | ਸਰਬ ਹਿੰਦ ਅਖੰਡ ਕੀਰਤਨੀ ਜੱਥਾ<br>ਜੱਥੇਦਾਰ ਬਾਉ ਮਲ ਸਿੰਘ ਜੀ, ਪਲਾਸੌਰ ਰੋਡ, ਤਰਨ ਤਾਰਨ |

ਮੈਂ, ਸੇਵਾ ਸਿੰਘ ਬਿਆਨ ਕਰਦਾ ਹਾਂ ਕਿ ਉਪਰੋਕਤ ਵੇਰਵਾ ਮੇਰੇ ਗਿਆਨ ਤੇ ਭਰੋਸੇ ਅਨੁਸਾਰ ਪੂਰੀ ਤਰ੍ਹਾਂ ਠੀਕ ਹੈ।

ਦਸਖ਼ਤ ਪ੍ਰਿੰਟਰ ਪਬਲਿਸ਼ਰ—ਸੇਵਾ ਸਿੰਘ

ਜੀਊਲ ਫ਼ਾਈਨ ਪ੍ਰਿੰਟਰਜ਼, ਹਾਥੀਖ਼ਾਨਾ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ਪ੍ਰਕਾਸ਼ਤ ਕੀਤਾ।

ਟੈਲੀਫ਼ੋਨ ਨੰ: 51847

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥

ਸਾਲਾਨਾ ਚੰਦਾ ਦੇਸ : ੩ ਰੁਪਏ
ਫ਼ੀ ਕਾਪੀ : ੩੦ ਪੈਸੇ




ਪਰਦੇਸ : ਸਮੁੰਦਰੀ ਡਾਕ ਇਕ ਪੌਂਡ
ਹਵਾਈ ਡਾਕ ਦੋ ਪੌਂਡ ਦਸ ਪੈਸ ।

## ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਮਾਸਕ ਪੱਤਰ

ਜਿਲਦ ੯ | ੧ ਮਾਰਚ, ੧੯੭੫ | ਅੰਕ ੩

### ਏ ਮਨ ਰੂੜੇ ਰੰਗੁਲੇ, ਤੂੰ ਸਚਾ ਰੰਗੁ ਚੜਾਇ

ਰਤੇ ਰੰਗਿ ਪਾਰਬ੍ਰਹਮ ਕੇ, ਮਨੁ ਤਨੁ ਅਤਿ ਗੁਲਾਲੁ ॥
ਨਾਨਕ ਵਿਣੁ ਨਾਵੈ ਆਲੂਦਿਆ, ਜਿਤੀ ਹੋਰੁ ਖਿਆਲੁ ॥੩॥

[ਮਹਲਾ ੫, ੧੦੯੭

ਸਚੇ ਰਤੇ ਸੇ ਨਿਰਮਲੇ, ਸਦਾ ਸਚੀ ਸੋਇ ॥
ਐਥੈ ਘਰਿ ਘਰਿ ਜਾਪਦੇ, ਆਗੈ ਜੁਗਿ ਜੁਗਿ ਪਰਗਟੁ ਹੋਇ ॥੧॥
ਏ ਮਨ ਰੂੜੇ ਰੰਗੁਲੇ, ਤੂੰ ਸਚਾ ਰੰਗੁ ਚੜਾਇ ॥
ਰੂੜੀ ਬਾਣੀ ਜੇ ਰਪੈ, ਨਾ ਇਹੁ ਰੰਗ ਲਹੈ ਨ ਜਾਇ ॥੧॥ਰਹਾਉ॥

ਐਡੀਟਰ : ਗਿਆਨੀ ਜਸਵੰਤ ਸਿੰਘ; ਬੀ. ਏ., ਬੀ. ਟੀ.

www.AKJ.Org

# ਰੰਗ-ਰਤੜਾ ਹੋਲਾ

"ਪੋਖਿ ਤੁਖਾਰੁ ਪੜੈ ਵਣੁ ਤ੍ਰਿਣੁ ਰਸੁ ਸੋਖੈ ।"
[ਬਾਰਹਮਾਹਾ ਤੁਖਾਰੀ ਮ: ੧

ਸਾਡੇ ਦੇਸ ਵਿਚ ਸਿਆਲੀ ਰੁਤ ਦੇ ਪੋਹ ਮਾਘ ਮਹੀਨੇ ਅਤਿ ਕਰੜੀ ਠੰਢ ਦੇ ਹੁੰਦੇ ਹਨ । ਇਸ ਕਰੜੀ ਠੰਢ ਕਾਰਨ ਵਣਾਂ ਤ੍ਰਿਣਾਂ ਦੇ ਰਸ ਵੀ ਸੁਕ ਜਾਂਦੇ ਹਨ । ਸਭੇ ਜੀਅ ਜੰਤ ਠੰਢ ਦੀ ਬਹੁਲਤਾ ਨਾਲ ਕੁਰਲਾ ਉਠਦੇ ਹਨ । ਇਸ ਠੰਢ ਦਾ ਅਸਰ ਮਨਾਂ ਤੇ ਜੀਵਾਤਮਾ ਤੇ ਪੈਣਾ ਵੀ ਕੁਦਰਤੀ ਹੈ । ਸਰੀਰ, ਮਨ ਤੇ ਆਤਮਾ ਠੰਢ ਨਾਲ ਸੁੰਗੜ ਜਾਂਦੇ ਹਨ । ਪਰ ਨਾਮ-ਰੰਗ-ਰਤੀਆਂ ਆਤਮਾਵਾਂ ਨੂੰ ਪੋਖ ਵਿਚ ਵੀ "ਕੰਠਿ ਮਿਲਿਆ ਹਰਿ ਨਾਹੁ" ਹੋਣ ਕਰਕੇ ਤੁਖਾਰ ਨਹੀਂ ਵਿਆਪਦੀ ।

ਇਸ ਸਿਸੀਅਰ ਰੁਤ ਪਿਛੋਂ ਹਿਮਕਰ ਰੁਤ (ਬਸੰਤ ਰੁਤ) ਦਾ ਆਗਮਨ ਹੁੰਦਾ ਹੈ, ਜਿਸ ਨਾਲ ਸੁੰਗੜੇ ਹੋਏ ਮਨ ਖੇੜੇ ਵਿਚ ਆਉਂਦੇ ਹਨ ਅਤੇ ਸਾਰੀ ਬਨਾਸਪਤੀ ਵੀ ਨਵੀਂ ਦੁਲਹਨ ਵਾਂਗ ਮੌਲ ਉਠਦੀ ਹੈ । ਬਸੰਤ ਰਾਗ ਵਿਚ ਗੁਰੂ ਅਮਰਦਾਸ ਜੀ ਇਸ ਖੇੜੇ ਦਾ ਜ਼ਿਕਰ ਇਉਂ ਕਰਦੇ ਹਨ —

ਬਸੰਤੁ ਚੜਿਆ ਫੂਲੀ ਬਨਰਾਇ ॥ ਏਹਿ ਜੀਅ ਜੰਤ ਫੂਲਹਿ, ਹਰਿ ਚਿਤੁ ਲਾਇ ॥ ਇਨ ਬਿਧਿ ਇਹੁ ਮਨੁ ਹਰਿਆ ਹੋਇ ॥ ਹਰਿ ਹਰਿ ਨਾਮੁ ਜਪੈ ਦਿਨੁ ਰਾਤੀ, ਗੁਰਮੁਖਿ ਹਉਮੈ ਕਢੈ ਧੋਇ ॥
(ਪੰਨਾ ੧੧੭੭)

ਬਦਲ ਰਹੀ ਰੁਤ ਦੇ ਸੁਭਾ ਅਧੀਨ ਜੀਵਾਂ ਦੇ ਮਨਾਂ ਵਿਚ ਵੀ ਚਾਉ ਭਰੀ ਤਬਦੀਲੀ ਆਉਂਦੀ ਹੈ । ਹਰ ਸ਼ੈ ਵਿਚ ਨਵਾਂ ਰਸ, ਨਵਾਂ ਰੂਪ ਤੇ ਨਵਾਂ ਰੰਗ ਭਰਦਾ ਹੈ । ਜੀਵਾਂ ਦੇ ਸਰੀਰ ਵਿਚ ਵੀ ਨਵਾਂ ਖ਼ੂਨ ਜੋਸ਼ ਮਾਰਦਾ ਹੈ, ਜਿਸ ਦੇ ਕਾਰਨ ਮਨਾਂ ਦਾ ਆਪ-ਮੁਹਾਰੇ ਖੇੜੇ ਵਿਚ ਆਉਣਾ ਕੁਦਰਤੀ ਹੈ । ਦੂਜੇ ਲਫ਼ਜ਼ਾਂ ਵਿਚ ਇਉਂ ਆਖੋ ਕਿ ਇਹ ਰੁਤ ਚਾਵਾਂ-ਮਲਾਰਾਂ, ਉਮੰਗਾਂ-ਤਰੰਗਾਂ ਤੇ ਉਮਾਹਿਆਂ ਦੀ ਰੁਤ ਹੈ । ਜੀਵਾਂ ਦੇ ਮਨਾਂ ਵਿਚੋਂ ਇਨ੍ਹਾਂ ਫੁਟ ਰਹੀਆਂ ਕੁਦਰਤੀ ਤਰੰਗਾਂ ਦਾ ਪਰਗਟਾਵਾ ਹੋਣਾ ਕੁਦਰਤੀ ਹੀ ਹੈ । ਭਾਵ ਇਹ ਕਿ ਜੀਵ ਖ਼ੁਸ਼ੀ ਵਿਚ ਨਚ ਉਠਦਾ ਹੈ । ਅਜਿਹੇ ਸਮੇਂ ਜੀਵ ਰਾਗ ਰੰਗ ਦੀਆਂ ਮਹਿਫ਼ਲਾਂ ਵਿਚ ਬਉਰੇ ਹੋ ਉਠਦੇ ਹਨ ਅਤੇ ਇਨ੍ਹਾਂ ਖ਼ੁਸ਼ੀਆਂ ਨੂੰ ਹੋਲੀਆਂ ਦੇ ਰੂਪ ਵਿਚ ਮਨਾਉਂਦੇ ਹਨ । ਆਪੇ ਤੋਂ ਬਾਹਰ ਤੇ ਬੇਕਾਬੂ ਹੋਈ ਮਸਤੀ ਦੇ ਅਧੀਨ ਹੋ ਕੇ ਜੀਵ ਖਰ-ਮਸਤੀਆਂ ਕਰਨ ਲਗ ਪੈਂਦੇ ਹਨ । ਇਹ ਹਉਮੈ ਦਾ ਵਿਗਾੜ ਹੈ । ਨਤੀਜਾ ਇਹ ਨਿਕਲਦਾ ਹੈ ਕਿ ਖੇਹ ਮਿਟੀ ਉਡਾਂਦੇ ਹਨ ਅਤੇ ਸਿਰ ਮੂੰਹ ਕਾਲੇ ਨੀਲੇ ਕਰ ਕੇ ਗਲੀਆਂ-ਬਜ਼ਾਰਾਂ ਵਿਚ ਊਲ-ਜਲੂਲ ਬਕਦੇ ਤੇ ਨਚਦੇ ਟਪਦੇ ਫਿਰਦੇ ਹਨ । ਇਥੋਂ ਤਕ ਕਿ ਗਲੀ-ਬਜ਼ਾਰ ਖੇਹ ਮਿਟੀ ਤੇ ਗੰਦਗੀ ਨਾਲ ਭਰ ਜਾਂਦੇ ਹਨ ਅਤੇ ਸਾਊ ਬੰਦਿਆਂ ਦਾ ਗਲੀਆਂ ਬਜ਼ਾਰਾਂ ਵਿਚੋਂ ਲੰਘਣਾ ਔਖਾ ਹੋ ਜਾਂਦਾ ਹੈ ।

ਅਜਿਹੀ ਦੁਰਦਸ਼ਾ ਨੂੰ ਅਨਭਵ ਕਰਦਿਆਂ ਹੋਇਆਂ ਕਲਗੀਧਰ ਪਾਤਸ਼ਾਹ ਨੇ ਇਸ ਖੇੜੇ ਲਿਆਉਣ ਵਾਲੀ ਰੁਤ ਦੇ ਚਾਵਾਂ ਮਲਾਰਾਂ ਤੇ ਖ਼ੁਸ਼ੀਆਂ ਨੂੰ ਜ਼ਬਤ ਤੇ ਸੰਜਮ ਨਾਲ ਜੀਵਾਤਮਾ ਦੀ ਉਸਾਰੀ ਲਈ ਵਰਤਿਆ ਅਤੇ ਹਰੀ ਗੁਣ ਗਾਉਂਦਿਆਂ ਬੀਰ-ਰਸੀ-ਤਿਉਹਾਰ "ਹੋਲਾ ਮਹੱਲਾ" ਪ੍ਰਚਲਤ ਕੀਤਾ । ਪੁਰਾਣੀਆਂ ਗੰਦੀਆਂ ਰਹੁ-ਰੀਤਾਂ ਦੀ ਥਾਂ ਨਾਮ-ਰੰਗ ਦਾ ਗੁਲਾਲ ਛਿਣਕਾਇਆ, ਕਚੇ ਪਿਲੇ ਗੀਤਾਂ ਦੀ ਥਾਂ ਨਾਮ-ਰਤੀ ਗੁਰਬਾਣੀ ਗਾਵਾਈ ਅਤੇ ਨਚਣ ਟਪਣ ਦੇ ਕੋਝੇ ਪ੍ਰਗਟਾਵੇ ਦੀ ਥਾਂ ਬੀਰ-ਰਸੀ ਦਲਾਂ ਦੇ ਯੁਧ-ਅਭਿਆਸ ਕਰਵਾ ਕੇ, ਦੀਨਾਂ ਦੁਖੀਆਂ ਲਈ ਆਪਾ ਵਾਰਨ ਤੇ ਧਰਮ-ਯੁਧਾਂ ਵਿਚ ਜੂਝ ਮਰਨ ਵਾਲੀ ਨਿਡਰਤਾ ਪੈਦਾ ਕੀਤੀ । ਇਉਂ ਇਸ ਤਿਉਹਾਰ ਨੂੰ ਉਸਾਰੂ ਤੇ ਨਵੀਂ ਰੂਪ-ਰੇਖਾ ਦੇ ਕੇ ਨਵਾਂ ਤੇ ਨਰੋਆ ਬਣਾ ਦਿਤਾ ।

ਸਤਿਗੁਰਾਂ ਨੇ ਬਾਣੀ ਵਿਚ ਇਸ ਰੁਤ ਨੂੰ ਖ਼ਾਸ ਮਹਾਨਤਾ ਦਿਤੀ ਹੈ । ਬਸੰਤ ਰਾਗ ਵਿਚ ਬਸੰਤ ਦੀ ਵਾਰ ਵਿਚ ਇਉਂ ਫੁਰਮਾਉਂਦੇ ਹਨ—

ਹਰਿ ਕਾ ਨਾਮੁ ਧਿਆਇ ਕੈ, ਹੋਹੁ ਹਰਿਆ ਭਾਈ ॥
ਕਰਮਿ ਲਿਖੰਤੈ ਪਾਈਐ, ਇਹ ਰੁਤਿ ਸੁਹਾਈ ॥
ਵਣੁ ਤ੍ਰਿਣੁ ਤ੍ਰਿਭਵਣੁ ਮਉਲਿਆ, ਅੰਮ੍ਰਿਤ ਫਲ ਪਾਈ ॥ ਮਿਲਿ ਸਾਧੂ ਸੁਖੁ ਊਪਜੈ, ਲਥੀ ਸਭ

[ਬਾਕੀ ਸਫ਼ਾ ੩ ਦੇ ਹੇਠ]



www.AKJ.Org

# ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਜੀਵਾਂ ਦਾ ਉਧਾਰ ਕਿਵੇਂ ਹੋਇਆ ?

[ ਵਲੋਂ—ਗੁਰਪੁਰਿ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ ]

ਇਕ ਸਜਣ ਸ਼ੰਕਾ ਕਰਦੇ ਹਨ ਕਿ ਜੇ ਸਤਿਨਾਮ ਕੇਵਲ ਗੁਰੂ ਸਾਹਿਬ ਨੇ ਹੀ ਦ੍ਰਿੜਾਇਆ ਹੈ ਅਤੇ ਜੇ ਕੇਵਲ ਸਤਿਨਾਮ ਦੁਆਰਾ ਹੀ ਸੰਸਾਰੀ ਜੀਵਾਂ ਦੇ ਸੱਚੇ ਉਧਾਰ ਅਤੇ ਕਲਿਆਣ-ਉਪਕਾਰ ਦਾ ਸੱਚਾ ਧੁਰਵਾ ਬਝਦਾ ਹੈ ਤਾਂ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਗਟ ਹੋਣ ਤੋਂ ਪਹਿਲਾਂ ਮਨੁਖਾਂ ਦਾ ਸਚਾ ਕਲਿਆਨ-ਉਧਾਰ ਕਿਵੇਂ ਹੋਇਆ, ਕਿਉਂਕਿ ਤੱਤ ਉਧਾਰ ਤਾਂ ਕੇਵਲ ਸਤਿਨਾਮ ਦਵਾਰਾ ਹੀ ਹੋਣਾ ਗੁਰਮਤਿ ਸਿਧਾਂਤ ਅਨੁਸਾਰ ਸਿਧ ਕੀਤਾ ਗਿਆ ਹੈ ?

ਇਸ ਦੇ ਉਤਰ ਵਿਚ ਅਸੀਂ ਗਜ ਵਜ ਕੇ ਅਤੇ ਡੰਕੇ ਦੀ ਚੋਟ ਨਾਲ ਆਖਦੇ ਹਾਂ ਅਤੇ ਇਕ ਵਾਰ ਨਹੀਂ ਲਖ ਲਖ ਵਾਰ ਆਖਦੇ ਹਾਂ ਕਿ ਮਨੁਖਾਂ ਦਾ ਸੱਚਾ ਉਧਾਰ ਅਤੇ ਸੱਚਾ ਕਲਿਆਨ-ਮਈ ਉਪਕਾਰ ਗੁਰਮਤਿ ਸਿਧਾਂਤ ਅਨੁਸਾਰ ਕੇਵਲ ਸਤਿਨਾਮ ਦਵਾਰਾ ਹੀ ਸੰਭਵ ਹੈ ਅਤੇ ਇਹ ਸਤਿਨਾਮ ਕੇਵਲ ਸਤਿਗੁਰ ਨਾਨਕ ਸਾਹਿਬ ਦਵਾਰਾ ਹੀ ਪ੍ਰਗਟ ਹੋਇਆ । ਸ੍ਰੀ ਗੁਰੂ ਨਾਨਕ-ਦਸਮੇਸ਼ ਜੀ ਨੇ ਆਪਣੀ ਬਚਿਤਰ ਨਾਟਕ ਬਾਣੀ ਦਵਾਰਾ ਸਪੱਸ਼ਟ ਤੌਰ ਤੇ ਇਸ ਗੱਲ ਨੂੰ ਨਿਤਾਰ ਦਿਤਾ ਹੈ ਕਿ ਇਸ ਮਾਤ ਲੋਕ ਵਿਖੇ ਜਿਤਨੇ ਅਵਤਾਰ, ਅੰਬੀਆ ਅਤੇ ਪੈਗੰਬਰ ਆਏ, ਅਰਥਾਤ ਅਕਾਲ ਪੁਰਖ ਵਲੋਂ ਜੀਵਾਂ ਦੀ ਕਲਿਆਣ ਨਮਿਤ ਪਠਾਏ ਗਏ ਉਨ੍ਹਾਂ ਸੰਬੰਧੀ ਕਥਨ ਹੈ :—

ਸਭ ਅਪਨੀ ਅਪਨੀ ਉਰਝਾਨਾ ।
ਪਾਰਬ੍ਰਹਮ ਕਾਹੂ ਨ ਪਛਾਨਾ ।

ਪੁਨਾ— ਜੇ ਪ੍ਰਭ ਪਰਮ ਪੁਰਖ ਉਪਜਾਏ ।
ਤਿਨ ਤਿਨ ਅਪਨੇ ਰਾਹ ਚਲਾਏ ।

ਪੁਨਾ— ਜਿਨਿ ਜਿਨਿ ਤਨਿਕ ਸਿਧ ਕੋ ਪਾਯੋ ।
ਤਿਨ ਤਿਨ ਅਪਨਾ ਰਾਹੁ ਚਲਾਯੋ ।
ਪਰਮੇਸਰ ਨ ਕਿਨਹੂੰ ਪਹਿਚਾਨਾ ।
ਮਮ ਉਚਾਰ ਤੇ ਭਯੋ ਦਿਵਾਨਾ ।੧੬।
ਪਰਮ ਤਤ ਕਿਨਹੂੰ ਨ ਪਛਾਨਾ ।
ਆਪ ਆਪ ਭੀਤਰਿ ਉਰਝਾਨਾ । ..੧੭।

[ਬਚਿਤ੍ਰ ਨਾਟਕ, ਅਧਿਆਇ ੬

ਸਭ ਤੇ ਅਪਨਾ ਨਾਮੁ ਜਪਾਯੋ ।
ਸਤਿਨਾਮੁ ਕਾਹੂੰ ਨ ਦ੍ਰਿੜਾਯੋ ।

ਬਸ ਇਹ ਗੱਲ ਤਾਂ ਸ੍ਰੀ ਨਾਨਕ-ਦਸਮੇਸ਼ ਦੇ ਉਚਾਰੇ ਵਾਕਾਂ ਦੀ ਪੁਸ਼ਟੀ ਦਵਾਰਾ ਸਿਧ ਹੋ ਗਈ ਕਿ 'ਸਤਿਨਾਮੁ ਕਾਹੂੰ ਨ ਦ੍ਰਿੜਾਯੋ ।' ਸਤਿਗੁਰ ਨਾਨਕ ਤੋਂ ਪ੍ਰਿਥਮ ਸਤਿਨਾਮ ਕਿਸੇ ਨੇ ਭੀ ਨਹੀਂ ਦ੍ਰਿੜਾਇਆ । ਦ੍ਰਿੜਾਉਂਦਾ ਕਿਥੋਂ ? ਧੁਰ ਅਕਾਲ ਪੁਰਖ ਦੀ ਦਰਗਾਹ ਤੋਂ ਇਹ ਸਤਿਨਾਮ ਸਤਿਗੁਰ ਨਾਨਕ ਬਾਝੋਂ ਕਿਸੇ ਨੂੰ ਪ੍ਰਾਪਤ ਹੀ ਨਹੀਂ ਹੋਇਆ । ਪ੍ਰਾਪਤ ਹੁੰਦਾ ਕਿਥੋਂ ? ਕਿਸੇ ਇਸ ਗੱਲ ਦੀ ਪਰਵਾਹ ਹੀ ਨਹੀਂ ਕੀਤੀ ਕਿ ਜੀਵਾਂ ਦਾ ਉਧਾਰ ਕਿਸ ਬਿਧ ਹੋਣਾ ਹੈ, ਉਨ੍ਹਾਂ ਨੂੰ ਤਾਂ ਆਪਣੀ ਆਪਣੀ ਪੈ ਗਈ । ਉਹ ਤਾਂ ਏਸੇ ਗੱਲ ਵਿਚ ਫੁਲ ਬੈਠੇ ਕਿ ਸਾਨੂੰ ਆਕਾਸ਼-ਬਾਣੀ ਹੋਈ ਹੈ ਕਿ ਜਾਉ ਤੁਸੀਂ ਜੀਵਾਂ ਦਾ ਉਧਾਰ ਕਰੋ । ਤੁਸੀਂ ਰਹਿਬਰ ਥਾਪੇ ਗਏ । ਬਸ ਏਤਨੇ

---

[ਸਫ਼ਾ ੨ ਦੀ ਬਾਕੀ]

ਛਾਈ ॥ ਨਾਨਕੁ ਸਿਮਰੈ ਏਕੁ ਨਾਮੁ, ਫਿਰਿ ਬਹੁੜਿ ਨ ਧਾਈ ॥੧॥

ਇਸ ਰੁਤ ਵਿਚ ਵਣ ਤ੍ਰਿਣ ਦੇ ਮਉਲਣ ਦੇ ਸੰਗ-ਸਾਥ ਜੀਵਾਂ ਦੇ ਮਨਾਂ ਅੰਦਰ ਮਉਲ ਰਹੀਆਂ ਤਰੰਗਾਂ ਨੂੰ ਸਿਰਜਣਹਾਰ ਨਾਲ ਜੋੜਿਆ ਅਤੇ ਖਿਨ-ਭੰਗਰੀ ਹੋਛੀ ਮਸਤੀ ਵਾਲੀ ਖੁਸ਼ੀ ਨੂੰ ਸਦੈਵੀ ਖੇੜੇ ਵਿਚ ਬਦਲ ਦਿਤਾ । ਇਸ ਤਰ੍ਹਾਂ ਵਿਗੜ ਰਹੀ ਮਨੁੱਖਤਾ ਨੂੰ ਸਦੈਵੀ ਰੰਗ ਬਖ਼ਸ਼ ਕੇ ਸੱਚੀ ਜੀਵਨ-ਜਾਚ ਸਿਖਾਈ—

ਅਖੀ ਕੁਦਰਤਿ, ਕੰਨੀ ਬਾਣੀ, ਮੁਖਿ ਆਖਣੁ ਸਚੁ ਨਾਮੁ ॥ ਪਤਿ ਕਾ ਧਨੁ ਪੂਰਾ ਹੋਆ, ਲਾਗਾ ਸਹਜਿ ਧਿਆਨੁ ॥ ਮਹਾ ਰੁਤੀ ਆਵਣਾ, ਵੇਖਹੁ ਕਰਮ ਕਮਾਇ ॥ ਨਾਨਕ ਹਰੇ ਨ ਸੂਕਈ, ਜਿ ਗੁਰਮੁਖਿ ਰਹੇ ਸਮਾਇ ॥

[ਬਸੰਤ ਮ: ੧, ਪੰਨਾ ੧੧੬੮



www.AKJ.Org

ਵਿਚ ਹੀ ਉਹ ਬਫਾ ਗਏ। ਇਸ ਬਫਣ-ਬਫਾਈ ਵਾਲੀ ਹਉਮੈ ਦੀ ਕਾਂਪ ਤੋਂ ਬਚੇ ਤਾਂ ਕੇਵਲ ਗੁਰ ਨਾਨਕ-ਦਸਮੇਸ਼ ਜੀ ਹੀ ਬਚੇ। ਆਹਾ! ਕਿਸ ਕਮਾਲ ਦੀ ਨਿਮਰ ਬਿਰਤੀ ਵਿਚ ਲੀਨ ਹੋ ਕੇ ਸ੍ਰੀ ਦਸਮੇਸ਼ ਜੀ ਉਚਾਰਦੇ ਹਨ—

'ਅਕਾਲ ਪੁਰਖ ਬਾਚ ਇਸ ਕੀਟ ਪ੍ਰਤਿ।'

ਅਤੇ ਅਕਾਲ ਪੁਰਖ ਵਲੋਂ ਕੀ ਹੁਕਮ ਮਿਲਦਾ ਹੈ—

ਮੈਂ ਅਪਨਾ ਸੁਤ ਤੋਹਿ ਨਿਵਾਜਾ। ਪੰਥ ਪਰਚੁਰ ਕਰਬੇ ਕਹੁ ਸਾਜਾ। ਜਾਇ ਤਹਾ ਤੈ ਧਰਮੁ ਚਲਾਇ। ਕੁਬੁਧਿ ਕਰਨ ਤੇ ਲੋਕ ਹਟਾਇ।੨੯।

ਇਸ ਅਕਾਲ ਪੁਰਖੀ ਹੁਕਮ ਦੇ ਉੱਤਰ ਵਿਚ ਦੇਖੋ ਸ੍ਰੀ ਦਸਮੇਸ਼ ਜੀ ਕਿਵੇਂ ਨਿਮਰੀ ਭੂਤ ਹੋ ਕੇ ਉਚਾਰਦੇ ਹਨ—

ਠਾਢ ਭਯੋ ਮੈ ਜੋਰਿ ਕਰ, ਬਚਨ ਕਹਾ ਸਿਰ ਨਿਆਇ। ਪੰਥ ਚਲੈ ਤਬ ਜਗਤ ਮਹਿ, ਜਬ ਤੁਮ ਕਰਹੁ ਸਹਾਇ।

ਸਤਿਗੁਰ ਨਾਨਕ ਦੇਵ ਜੀ ਅਕਾਲ ਪੁਰਖ ਦੇ ਪਠਾਏ ਹੋਏ ਆਏ ਅਤੇ ਧੁਰ ਦਰਗਾਹੋਂ ਹੁਕਮ ਲੈ ਕੇ ਆਏ, ਪਰ ਜਦੋਂ ਆਏ ਅਤੇ ਜਦੋਂ ਕਦੋਂ ਭੀ ਹੋਰ ਅਨੇਕ ਬ੍ਰਹਿਮੰਡਾਂ ਦੇ ਉਧਾਰ ਉਪਕਾਰ ਨਮਿਤ ਆਉਂਦੇ ਰਹੇ, ਤਦ ਗੁਰੂ ਬਾਬੇ ਨੇ ਆਉਂਦੇ ਹੀ ਆਪ-ਹੁਦਰੇ ਕੁਛ ਨਹੀਂ ਕੀਤਾ। ਫੇਰ ਧੁਰ ਸਚਖੰਡ ਪਹੁੰਚ ਕੇ ਹੁਕਮ ਲਿਆ ਅਤੇ ਲੈਂਦੇ ਰਹੇ ਅਤੇ ਅਕਾਲ ਪੁਰਖ ਨੂੰ ਗੁਰੂ ਧਾਰ ਕੇ ਗੁਰ-ਦੀਖਿਆ ਪਾਈ। ਸਚੀ ਇਨਸੀਏਸ਼ਨ ਪ੍ਰਾਪਤ ਕੀਤੀ ਤੇ ਕਰਦੇ ਰਹੇ। ਹਾਂ ਜੀ, ਨਉਨਿਧ ਨਾਮ ਗਰੀਬੀ ਵਾਲੀ ਪਾਈ ਗੁਰਮੁਖ ਦਾਤ ਇਲਾਹੀ —

"ਗੁਰਮੁਖਿ ਪਾਈ ਦਾਤਿ ਇਲਾਹੀ।"

ਹਾਂ ਜੀ—

"ਬਾਬਾ ਪੈਧਾ ਸਚਖੰਡਿ, ਨਉਨਿਧਿ ਨਾਮੁ
ਗਰੀਬੀ ਪਾਈ।"

ਇਸ ਬਿਧ ਵਾਲੇ ਪੂਰਨੇ ਪਾਏ ਅਤੇ ਪਾਉਂਦੇ ਰਹੇ। ਸਤਿਨਾਮ ਦੀ ਸੱਚੀ ਦਾਤ ਪ੍ਰਾਪਤ ਕਰ ਕੇ, ਧੁਰ ਦਾਤੇ ਦੇ ਦਰਬਾਰੋਂ ਪ੍ਰਾਪਤ ਕਰ ਕੇ, ਗੁਰੂ ਬਾਬੇ ਨੇ, ਸਤਿਗੁਰ ਨਾਨਕ ਸਚੇ ਪਾਤਸ਼ਾਹ ਨੇ ਸਤਿਨਾਮ ਦਾ ਛਾਂਦਾ ਮਾਤ ਲੋਕ ਵਿਖੇ ਆ ਕੇ ਵਰਤਾਇਆ। ਨਾ ਕੇਵਲ ਇਸ ਭਾਰਤ ਭੂਮੀ (ਹਿੰਦੁਸਤਾਨ) ਅੰਦਰ ਹੀ, ਬਲਕਿ ਸਾਰੀ ਨਵਖੰਡ ਮੇਦਨੀ ਵਿਖੇ ਇਸੇ ਸਤਿਨਾਮ ਦਾ ਚਕਰ ਫਿਰਾਇਆ—

ਗੜ੍ਹ ਬਗਦਾਦੁ ਨਿਵਾਇ ਕੈ, ਮਕਾ ਮਦੀਨਾ ਸਭ ਨਿਵਾਯਾ। ਸਿਧ ਚਉਰਾਸੀਹ ਮੰਡਲੀ, ਖਟਿ ਦਰਸਨਿ ਪਾਖੰਡਿ ਜਣਾਯਾ। ਪਾਤਾਲਾ ਆਕਾਸ ਲਖ, ਜਿਤੀ ਧਰਤੀ ਜਗਤੁ ਸਬਾਯਾ। ਜਿਤੀ ਨਉ ਖੰਡ ਮੇਦਨੀ, ਸਤਿਨਾਮ ਦਾ ਚਕਰ ਫਿਰਾਯਾ। ਦੇਵ ਦਾਨੋ ਰਾਖਸਿ ਦੈਤ ਸਭ, ਚਿਤਿ ਗੁਪਤਿ ਸਭਿ ਚਰਨੀ ਲਾਯਾ। ਇੰਦ੍ਰਾਸਣਿ ਅਪਛਰਾ ਰਾਗ ਰਾਗਨੀ ਮੰਗਲੁ ਗਾਯਾ। ਭਯਾ ਅਨੰਦੁ ਜਗਤੁ ਵਿਚਿ, ਕਲਿ ਤਾਰਨ ਗੁਰ ਨਾਨਕ ਆਯਾ। ਹਿੰਦੂ ਮੁਸਲਮਾਣ ਨਿਵਾਯਾ।

ਇਹ ਨਵਖੰਡ ਮੇਦਨੀ ਹੀ ਨਹੀਂ, ਲਖ ਆਕਾਸ ਪਤਾਲਾਂ ਵਾਲੀਆਂ ਧਰਤੀਆਂ ਪ੍ਰਿਥਵੀਆਂ ਸਤਿਨਾਮ ਦਾ ਚਕਰ ਫਿਰਾ ਕੇ ਜਿਤੀਆਂ। ਹਾਂ ਜੀ, ਗੁਰੂ ਬਾਬੇ ਅਸਾਡੀ ਧਰਤੀ ਜਿਹੀਆਂ ਲਖਾਂ ਕ੍ਰੋੜਾਂ ਧਰਤੀਆਂ ਵਿਖੇ ਸਤਿਨਾਮ ਦਾ ਚਕਰ ਫਿਰਾਇਆ ਅਤੇ ਕੋਟ ਬ੍ਰਹਮੰਡਾਂ ਨੂੰ ਸਤਿਨਾਮ ਦੇ ਆਸਰੇ ਤਾਰਿਆ। ਹਾਂ ਜੀ! ਸਤਿ ਜੀ! 'ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ, ਸਰਬ ਜੀਆ ਕਾ ਦਾਤਾ' ਜੁ ਹੋਇਆ, ਕੋਟ ਬ੍ਰਹਿਮੰਡਾਂ ਦੇ ਵਸਨੀਕ ਅਗਣਤ ਜੀਅ-ਜੰਤ ਦਾ ਦਾਤਾ ਜੁ ਹੋਇਆ। ਦਾਤਾ ਭੀ 'ਜੀਅ ਦਾਨੁ ਦੇ ਭਗਤੀ ਲਾਇਨਿ' ਵਾਲੀ ਦਾਤ ਦਾ ਦਾਤਾ। ਸਾਇੰਸ ਦੇ ਵਿਦਵਾਨਾਂ ਨੇ ਅਜ ਪਤਾ ਕਢਿਆ ਹੈ ਕਿ ਅੰਬਰ ਵਿਖੇ ਦਿਸਣਹਾਰੇ ਤਾਰੇ ਤੇ ਅਸਾਡੀ ਧਰਤੀ ਵਰਗੀਆਂ ਧਰਤੀਆਂ ਅਤੇ ਅਸਾਡੇ ਸੂਰਜ ਵਰਗੇ ਅਨੇਕਾਂ ਸੂਰਜ ਹਨ, ਤਿਨ੍ਹਾਂ ਪ੍ਰਥਾਇ ਅਜ ਤੋਂ ਪੰਜ ਸੌ ਬਰਸ ਪਹਿਲਾਂ ਹੀ ਸਤਿਗੁਰ ਨਾਨਕ ਦੇਵ ਜੀ, ਹਾਂ ਜੀ! ਕੋਟ ਬ੍ਰਹਿਮੰਡਾਂ ਦੇ ਸਾਖੀ ਸਤਿਗੁਰੂ ਨਾਨਕ ਸਾਹਿਬ ਜੀ ਨੇ 'ਕੇਤੇ ਇੰਦ ਚੰਦ ਸੂਰ ਕੇਤੇ, ਕੇਤੇ ਮੰਡਲ ਦੇਸ' ਦਾ ਡੰਕਾ ਬਜਾਇਆ। ਡੰਕਾ ਹੀ ਨਹੀਂ ਬਜਾਇਆ, ਆਪਣੇ ਅਨੇਕਾਂ ਗੁਰਸਿਖਾਂ ਨੂੰ ਗਿਆਨ ਖੰਡ ਦੇ ਪ੍ਰਚੰਡ ਗਿਆਨ ਦਾ ਗਿਆਤਾ, ਸਾਖਸ਼ਾਤ ਗਿਆਤਾ ਬਣਾ ਕੇ 'ਕੇਤੇ ਇੰਦ ਚੰਦ ਸੂਰ ਕੇਤੇ, ਕੇਤੇ ਮੰਡਲ ਦੇਸ' ਦਾ ਪ੍ਰਤੱਖ ਸਾਖਿਆਤ ਗਿਆਨ-ਅੰਬਰੀ ਨਜ਼ਾਰਾ ਸਾਂਗੋ ਪਾਂਗ ਦਿਖਾਇਆ। ਸਾਇੰਸਦਾਨਾਂ ਦੀ ਖੋਜ



www.AKJ.Org

ਤਾਂ ਅਜੇ ਅਤਯੰਤ ਕੱਚੀ ਅਤੇ ਕਿੰਚਤ ਮਾਤ੍ਰ ਹੀ ਹੈ; ਪਰ ਸਤਿਗੁਰੂ ਨਾਨਕ ਸਾਹਿਬ ਜੀ ਨੇ ਤਾਂ ਪੀਰ ਦਸਤਗੀਰ ਦੇ ਬੇਟੇ ਨੂੰ ਇਕ ਅੱਖ ਦੇ ਫਰਕਣ ਵਿਚ ਲਖਾਂ ਆਕਾਸ਼ ਅਤੇ ਲਖਾਂ ਪਾਤਾਲ ਸਾਰੇ ਦਿਖਾ ਦਿਤੇ। ਭਾਵ ਲਖਾਂ ਖੰਡ ਬ੍ਰਹਿਮੰਡ ਦੀ ਸੈਰ ਅੱਖ ਦੇ ਇਕ ਫੋਰ ਵਿਚ ਕਰਾ ਦਿਤੀ ਅਤੇ ਪੀਰ ਦਸਤਗੀਰ ਦੀ ਤਸੱਲੀ ਕਰਨ ਲਈ ਅਤੇ ਉਸਨੂੰ ਸਤ ਅਕਾਸ਼, ਸਤ ਪਤਾਲ ਦੇ ਮਹਿਦੂਦ ਗਿਆਨ ਤੋਂ ਅਪਰੰਪਰ ਵਸੀਹ ਅਤੇ ਅਨੰਤ ਗਿਆਨ ਪਰਦਾਨ ਕਰਨ ਨਮਿੱਤ ਸ਼ਰਧਾ ਯਕੀਨ ਦੀ ਪਟੜੀ ਤੇ ਚਾੜ੍ਹਨ ਲਈ ਇਹ ਚੋਜ, ਸਚਾ ਚਲਤ ਚੋਜ ਵਰਤਾਇਆ ਹੈ ਕਿ:—

> ਨਾਲਿ ਲੀਤਾ ਬੇਟਾ ਪੀਰ ਦਾ, ਅਖੀ ਮੀਟਿ ਗਇਆ ਹਾਵਾਈ। ਲਖ ਆਕਾਸ ਪਤਾਲ ਲਖ, ਅਖ ਫੁਰਕ ਵਿਚਿ ਸਭਿ ਦਿਖਲਾਈ।

ਦੇ ਨਾਲ ਹੀ—

> ਭਰਿ ਕਚਕੌਲ ਪ੍ਰਸਾਦਿ ਦਾ, ਧੁਰੋਂ ਪਤਾਲੋ ਲਈ ਕੜਾਹੀ।

ਇਸ ਤੋਂ ਸਾਫ਼ ਪਰਤੀਤ ਹੈ ਅਤੇ ਸਪੱਸ਼ਟ ਸਿਧ ਹੈ ਕਿ ਗੁਰੂ ਬਾਬੇ ਨੇ ਇਸ ਨਵਖੰਡ ਧਰਤੀ ਨੂੰ ਤਾਰਨ ਤੋਂ ਪਹਿਲਾਂ ਸਚਾ ਅਮਰ ਵਰਤਾ ਕੇ ਅਨੇਕਾਂ ਖੰਡ ਬ੍ਰਹਿਮੰਡ ਸਤਨਾਮ ਦਾ ਚਕਰ ਫਿਰਾ ਕੇ ਤਾਰ ਛਡੇ ਸਨ ਅਰ ਪਾਤਾਲ ਲੋਕ ਵਿਖੇ ਗੁਰੂ ਬਾਬੇ ਦੀ ਸੰਗਤ, ਐਥੇ ਦੀ ਸੰਗਤ ਨਿਆਈਂ ਹੀ ਕੜਾਹ ਪ੍ਰਸ਼ਾਦ ਦੀਆਂ ਭੁਗਤਾਂ ਭੁਗਤ ਰਹੀ ਸੀ। ਕੋਟ ਬ੍ਰਹਮੰਡ ਦੇ ਨਾਇਕ ਦਾਤੇ ਠਾਕੁਰ ਸੁਆਮੀ ਨੂੰ ਆਪਣੀ ਰਚਨਾ ਦੇ ਜ਼ੱਰੇ ਜ਼ੱਰੇ ਮਾਤਰ ਦਾ ਸਮਾਨ ਹੀ ਖ਼ਿਆਲ ਫਿਕਰ ਹੈ। ਏਸੇ ਪ੍ਰਕਾਰ ਹੀ ਜੁਗਾਂ ਦੇ ਵਰਤਾਰਿਆਂ ਦਾ ਫ਼ਿਕਰ ਹੈ।

## ਪਿਛਲੇ ਭਗਤਾਂ ਦਾ ਉਧਾਰ ਤੇ ਸਤਿਨਾਮ—

ਜਿਸ ਅੰਮ੍ਰਿਤ-ਨਾਮ ਨੂੰ ਜਿਸ ਸਤਿਨਾਮ ਰੂਪੀ ਅੰਮ੍ਰਿਤ ਨੂੰ ਸੁਰ ਨਰ ਮੁਨ ਜਨ ਲੋਚਦੇ ਰਹੇ, ਸੋ ਅੰਮ੍ਰਿਤ-ਨਾਮ ਗੁਰੂ ਤੇ ਕੇਵਲ ਸਤਿਗੁਰੂ ਨਾਨਕ ਤੋਂ ਹੀ ਪਾਇਆ, ਤੇ ਪਾਇਆ ਜਾ ਸਕਦਾ ਹੈ। ਤਿਸ ਪ੍ਰਥਾਇ ਹੀ ਇਹ ਗੁਰਵਾਕ ਉਚਾਰਨ ਹੋਇਆ :—

> ਸਿਮਰਹਿ ਸੋਈ ਨਾਮੁ ਜਖ੍ ਅਰੁ ਕਿੰਨਰ੍, ਸਾਧਿਕ ਸਿਧ ਸਮਾਧਿ ਹਰਾ ॥ ਸਿਮਰਹਿ ਨਖ੍ਤ੍ਰ ਅਵਰ ਧ੍ਰੂ ਮੰਡਲ, ਨਾਰਦਾਦਿ ਪ੍ਰਹਲਾਦਿ ਵਰਾ ॥ ਸਸੀਅਰੁ ਅਰੁ ਸੂਰੁ ਨਾਮੁ ਉਲਾਸਹਿ, ਸੈਲ ਲੋਅ ਜਿਨਿ ਉਧਰਿਆ ॥ ਸੋਈ ਨਾਮੁ ਅਛਲੁ ਭਗਤਹ ਭਵ ਤਾਰਨੁ, ਅਮਰਦਾਸ ਗੁਰ ਕਉ ਫੁਰਿਆ ॥
>
> [ਸਵਈਏ ਮਹਲੇ ਤੀਜੇ ਕੇ, ਪੰਨਾ ੧੩੯੫

ਇਸ ਗੁਰਵਾਕ ਅੰਦਰ 'ਸਿਮਰਹਿ' ਪਦ ਆਉਣ ਕਰਿ ਕਈ ਸਜਣ ਇਹ ਸਮਝਦੇ ਹਨ ਕਿ ਜਿਹੜਾ ਨਾਮ ਸਤਿਗੁਰ ਨਾਨਕ ਸਾਹਿਬ ਜੀ ਅਤੇ ਉਨ੍ਹਾਂ ਦੇ ਤੀਜੇ ਸਰੂਪ ਗੁਰੂ ਅਮਰਦਾਸ ਜੀ ਨੇ ਜਪਿਆ ਸੋਈ ਨਾਮ ਇਸ ਵਾਕ ਅੰਦਰ ਆਏ ਜਖ੍ਹ, ਕਿੰਨਰ, ਸਿਧ ਸਾਧਿਕਾਂ ਨੇ ਜਪਿਆ। ਅਰਥਾਤ ਜੇਕਰ ਗੁਰੂ ਅਮਰਦਾਸ ਜੀ ਨੇ ਸਤਿਨਾਮ ਸਿਮਰਿਆ ਤਾਂ ਜਖ ਕਿੰਨਰ ਆਦਿਕਾਂ ਨੇ ਭੀ ਸਤਿਨਾਮ ਸਿਮਰਿਆ, ਨਹੀਂ ਤਾਂ ਜਿਹੜਾ ਨਾਮ ਕੋਈ ਹੋਰ ਕ੍ਰਿਤਮ ਨਾਮ ਜਖ ਕਿੰਨਰ ਆਦਿਕਾਂ ਨੇ ਸਿਮਰਿਆ ਸੋਈ ਗੁਰੂ ਅਮਰਦਾਸ ਜੀ ਨੇ ਸਿਮਰਿਆ। ਵਿਲੱਖਣਤਾ ਕੀ ਹੋਈ ? ਅਜਿਹੇ ਸਜਣਾਂ ਨੂੰ 'ਸਿਮਰਹਿ' ਪਦ ਦੇ ਅਰਥ ਵਿਚਾਰਨ ਵਿਚ ਹੀ ਭੁਲੇਖਾ ਲਗਾ ਹੈ। ਏਥੇ 'ਸਿਮਰਹਿ' ਪਦ ਦੇ ਅਰਥ ਓਹ ਹਨ ਜਿਹੜੇ ਹੇਠ ਲਿਖੇ ਗੁਰਵਾਕ ਵਿਚ ਜ਼ਾਹਰ ਹਨ :—

> ਗੁਰ ਸੇਵਾ ਤੇ ਭਗਤਿ ਕਮਾਈ। ਤਬ ਇਹ ਮਾਨਸ ਦੇਹੀ ਪਾਈ। ਇਸ ਦੇਹੀ ਕਉ ਸਿਮਰਹਿ ਦੇਵ। ਸੋ ਦੇਹੀ ਭਜੁ ਹਰਿ ਕੀ ਸੇਵ।

ਇਸ ਗੁਰਪ੍ਰਮਾਣ ਅੰਦਰ 'ਸਿਮਰਹਿ' ਪਦ ਦੇ ਅਰਥ 'ਲੋਚਹਿ' ਅਰਥਾਤ 'ਚਾਹੁਣ' ਦੇ ਹਨ। ਭਾਵ ਇਹ ਹੈ ਕਿ ਜਿਸ ਮਨੁੱਖਾ ਦੇਹੀ ਨੂੰ ਦੇਵਤੇ ਭੀ ਲੋਚਦੇ ਹਨ, ਉਹ ਦੇਹੀ, ਹੇ ਪ੍ਰਾਣੀ, ਹੁਣ ਤੈਨੂੰ ਮਿਲੀ ਹੋਈ ਹੈ। ਸੋ ਇਸ ਦੇਹੀ ਅੰਦਰਿ ਹੁਣ ਹਰੀ ਦਾ ਭਜਨ ਸੇਵਨ ਕਰ। ਇਸ ਗੁਰਸ਼ਬਦ ਵਿਖੇ ਆਏ 'ਸਿਮਰਹਿ' ਪਦ ਦੀ ਚਿਤ੍ਰ-ਅਰਥ-ਬੋਧ-ਕਸੌਟੀ ਅਨੁਸਾਰ ਉਪਰਲੇ ਸਵੱਯੇ ਅੰਦਰ ਆਏ 'ਸਿਮਰਹਿ' ਪਦ ਦੇ ਅਰਥ ਭੀ ਲੋਚਹਿ ਦੇ ਹਨ, ਭਾਵ:— ਜਿਸ ਨਾਮ ਨੂੰ ਜਖ, ਕਿੰਨਰ, ਸਿਧ ਸਾਧਿਕ ਆਦਿ ਲੋਚਦੇ ਹਨ ਅਤੇ ਸਮਾਧੀਆਂ ਲਾ ਲਾ ਕੇ ਹਾਰ ਥਕੇ ਹਨ ਅਤੇ ਜਿਸ ਨਾਮ ਨੂੰ ਨਛਤ੍ਰ, ਧ੍ਰੂ, ਮੰਡਲ, ਨਾਰਦ,



www.AKJ.Org

ਪ੍ਰਹਲਾਦਿ ਆਦਿ ਮੁਨਿ ਜਨ ਲੋਚਦੇ ਹਨ ਅਤੇ ਜਿਸ ਨਾਮ ਨੂੰ ਸਸੀਅਰ ਸੂਰ ਆਦਿਕ ਉਲਾਸ ਰਹੇ ਹਨ, ਅਰਥਾਤ ਚਾਹ ਉਮਾਹ ਰਹੇ ਹਨ, ਜਿਸ ਨਾਮ ਨੇ ਸੈਲ (ਪਥਰ) ਸਰੀਖੇ ਜੜ੍ਹ ਲੋਕਾਂ ਦਾ ਉਧਾਰ ਕੀਤਾ ਹੈ, ਸੋਈ ਨਾਮ ਅਛਲ ਭਗਤਹ ਭਵ ਤਾਰਨ ਅਮਰਦਾਸ ਗੁਰ ਕਉ ਸਹਿਜੇ ਹੀ ਸਫੁਰਨ ਹੋਇਆ ਹੈ । ਤੀਜੀ ਤੁਕ ਵਿਚ 'ਉਲਾਸਹਿ' ਪਦ ਦਾ ਅਰਥ ਓਹੋ ਹੈ, ਜੋ ਇਸ ਤੁਕ ਵਿਚ ਦਸਿਆ ਹੈ :—

ਹੰਸਾ ਸੇਤੀ ਚਿਤੁ ਉਲਾਸਹਿ, ਕੁਕੜ ਦੀ ਓਡਾਰੀ ॥

ਤੀਜੀ ਤੁਕ ਵਿਚ ਆਏ 'ਉਲਾਸਹਿ' ਪਦ ਨੇ ਸਾਫ਼ ਹੀ ਸਪੱਸ਼ਟ ਕਰ ਦਿਤਾ ਹੈ ਕਿ ਪਹਿਲੀਆਂ ਦੋਹਾਂ ਤੁਕਾਂ ਵਿਚ ਆਏ 'ਸਿਮਰਹਿ' ਪਦ ਦੀ ਅਰਥ-ਬਿਵਸਥਾ ਕੀ ਹੈ; ਇਸ ਤੋਂ ਅਗਲੇਰੇ ਗੁਰਵਾਕ —

ਸੋਈ ਨਾਮੁ ਸਿਵਰਿ ਨਵ ਨਾਥ, ਨਿਰੰਜਨੁ,
ਸਿਵ ਸਨਕਾਦਿ ਸਮੁਧਰਿਆ ।

ਅੰਦਰ ਭੀ ਇਹੋ ਸੰਭਾਵਨਾ ਹੈ ਕਿ ਜਿਸ ਨਾਮ ਨੂੰ ਨਵਨਾਥ ਨਿਰੰਜਨ ਸ਼ਿਵ ਸਨਕਾਦਿ, ਚਉਰਾਸੀਹ ਸਿਧ, ਬੁਧ, ਅੰਬ੍ਰੀਕ, ਊਧਉ, ਅਕਰੂਰ, ਤ੍ਰਿਲੋਚਨ, ਨਾਮਦੇਵ, ਕਬੀਰ ਆਦਿਕ ਲੋਚਦੇ ਰਹੇ, ਉਨ੍ਹਾਂ ਓੜਕ ਸਤਿਗੁਰੂ ਨਾਨਕ ਦੇਵ ਜੀ ਤੋਂ ਹੀ ਪਾਇਆ, ਜਿਸ ਘਰ (ਗੁਰੂ ਨਾਨਕ ਦੇਵ ਜੀ ਦੇ ਘਰ—ਸਿਖੀ ਮਾਰਗ) ਵਿਚ ਕਿ ਇਹ ਸਤਿਨਾਮ 'ਸੁਤੇ ਸਫੁਰਨ ਦਾਤਿ ਜੋਤਿ ਹੈ।' ਏਸ ਵਿਚ ਰੰਚਕ ਸੰਦੇਹ ਨਹੀਂ ਕਿ ਜੁਗੋ ਜੁਗ ਜੀਆਂ ਦਾ ਤੱਤ ਉਧਾਰ ਸਤਿਨਾਮ ਦਾ ਸਦਕਾ ਹੀ ਹੁੰਦਾ ਰਿਹਾ ਹੈ। ਅਤੇ ਇਸ ਸਤਿਨਾਮ ਦਾ ਚਕਰ ਫਿਰਾਉਣਾ ਜੁਗਾਂ-ਜੁਗਾਂਤ੍ਰੀਂ ਚਕਰ ਫਿਰਾਉਣਾ ਸਤਿਗੁਰੂ ਨਾਨਕ ਦੇਵ ਦੇ ਹੱਥ ਹੀ ਸਉਂਪਿਆ ਜਾਂਦਾ ਰਿਹਾ ਹੈ, ਨਹੀਂ ਤਾਂ—

ਬ੍ਰਹਮਾ ਬਿਸਨੁ ਸਿਰੇ ਤੈ ਅਗਨਤ,
ਤਿਨ ਕਉ ਮੋਹੁ ਭਯਾ ਮਨ ਮਦ ਕਾ ।

ਵਾਲਾ ਗੁਰਵਾਕ ਦਸਦਾ ਹੈ ਕਿ ਬ੍ਰਹਮਾ ਬਿਸ਼ਨ ਮਹੇਸ਼ ਆਦਿਕਾਂ ਦਾ ਤਾਂ ਆਪਣਾ ਹੀ ਉਧਾਰ ਨਹੀਂ ਹੋਇਆ, ਓਹਨਾਂ ਨੇ ਦੂਜਿਆਂ ਨੂੰ ਕੀ ਉਧਾਰਨਾ ਸੀ। ਤਿਨ੍ਹਾਂ ਨੂੰ 'ਮੋਹੁ ਭਯਾ ਮਨ ਮਦ ਕਾ।' ਮਨ-ਮਦ-ਮਤੇ, ਮੋਹ-ਗੁਠੇ ਆਗੂ ਲੋਕਾਂ ਦਾ ਉਧਾਰ ਕੀ ਕਰ ਸਕਦੇ ਹਨ,

ਕਿਸਨੁ ਸਦਾ ਅਵਤਾਰੀ ਰੂਧਾ, ਕਿਤੁ ਲਗਿ ਤਰੈ ਸੰਸਾਰਾ ॥ (ਪੰਨਾ ੫੫੯)

ਓੜਕ ਓਹਨਾਂ ਦਾ ਉਧਾਰ ਗੁਰ-ਸਰਨ ਆ ਕੇ ਅਤੇ ਸਤਿਗੁਰੂ ਨਾਨਕ ਦੇਵ ਜੀ ਤੋਂ ਸਤਿਨਾਮ ਪ੍ਰਾਪਤ ਕਰ ਕੇ ਹੋਇਆ ਪ੍ਰਮਾਣ ਹੈ । ਤਤ ਉਧਾਰ ਕੇਵਲ ਸਤਿਨਾਮ ਦੁਆਰਾ ਹੀ ਸੰਭਵ ਹੈ। ਜੁਗੋ ਜੁਗ ਭਗਤ ਜਨ ਅਕਾਲ ਪੁਰਖ ਦੇ ਉਪਜਾਏ ਉਪਜੇ; ਪਰ ਜੁਗਾਂ ਦੇ ਪ੍ਰਭਾਵ ਕਰ ਕੇ ਐਸੇ ਸਮਿਆਂ ਵਿਚ ਉਪਜੇ ਕਿ ਸਤਿਨਾਮ ਦੀ ਦਾਤ ਤਿਨ੍ਹਾਂ ਨੂੰ ਪ੍ਰਾਪਤ ਨਾ ਹੋਈ। ਭਾਣੇ ਅੰਦਰ ਸਤਿਨਾਮ ਦਾ ਚਕਰ ਫਿਰਾਉਣਹਾਰੇ ਗੁਰੂ-ਅਵਤਾਰ ਨੇ ਤਾਂ ਉਦੋਂ ਹੀ ਪ੍ਰਗਟ ਹੋਣਾ ਸੀ ਜਦੋਂ ਸਾਰੇ ਸੰਸਾਰ ਦਾ ਉਧਾਰ ਦਰਕਾਰ ਮਨਜ਼ੂਰ ਹੋਇਆ। ਟਾਵੇਂ ਟਾਵੇਂ ਭਗਤ ਜਨ ਜੋ ਉਧਾਰੇ ਜਾਂਦੇ ਰਹੇ ਤਿਨ੍ਹਾਂ ਦਾ ਉਧਾਰ ਤਾਂ ਹੋਇਆ, ਪਰ ਸਤਿਨਾਮ ਦੀ ਦਾਤ ਵਿਹੂਣ ਤਿਨ੍ਹਾਂ ਅੰਦਰ ਹਉਮੈ ਦੀ ਸੂਖਸ਼ਮ ਕਾਈ ਰੜਕਦੀ ਹੀ ਰਹੀ। ਕਿਰਤਮ ਨਾਮ ਦੀ ਉਪਾਸ਼ਨਾ ਅੰਦਰ ਇਹੀ ਕਸਰ-ਕਮੀ ਰਹਿੰਦੀ ਹੈ ਕਿ ਉਚ ਕੋਟੀ ਦਾ ਕਲਿਆਣ-ਉਧਾਰ ਦਰਜਾ ਪ੍ਰਾਪਤ ਨਹੀਂ ਹੁੰਦਾ। ਕਈ ਭਗਤ ਜਨ ਤਾਂ ਨਿਸ਼ਕਾਮ ਭਗਤੀ ਤੋਂ ਵਾਂਜੇ ਰਹਿਣ ਕਰ ਕਾਂਪ ਖਾ ਗਏ । ਕਈ ਰਿਧ ਸਿਧ ਕਰਾਮਾਤ ਕਰ ਲਰਜ਼ਾ ਗਏ। ਸ੍ਰੀ ਭਾਈ ਗੁਰਦਾਸ ਜੀ ਇਸ ਭਾਵ ਨੂੰ ਬਾਰ੍ਹਵੀਂ ਵਾਰ, ਪਉੜੀ ੧੪-੧੫ ਅੰਦਰ ਇਸ ਤਰ੍ਹਾਂ ਭਲੀ ਭਾਂਤ ਨਿਰੂਪਨ ਕਰਾਉਂਦੇ ਹਨ—

ਧ੍ਰੂ ਪ੍ਰਹਿਲਾਦ ਵਿਭੀਖਣੋ, ਅੰਬ੍ਰੀਕ ਬਲ ਜਨਕ ਵੱਖਾਣਾ ॥ ਰਾਜ ਕੁਆਰ ਹੋਇ ਰਾਜਸੀ, ਆਸਾ ਬੰਧੀ ਚੋਜ ਵਿਡਾਣਾ ॥ ਧ੍ਰੂ ਮਤਰੇਈ ਚੰਡਿਆ, ਪੀਉ ਫੜ ਪ੍ਰਹਲਾਦ ਰਵਾਣਾ ॥ ਭੇਦ ਬਿਭੀਖਣ ਲੰਕ ਲੈ, ਅੰਬ੍ਰੀਕ ਲੈ ਚਕ੍ਰ ਲੁਭਾਣਾ ॥ ਪੈਰ ਕੜਾਹੇ ਜਨਕ ਦਾ, ਕਰ ਪਾਖੰਡ ਧਰੰਮ ਧਿਙਾਣਾ ॥ ਆਪ ਗਣਾਇ ਵਿਗੁਚਣਾ, ਦਰਗਹ ਪਾਏ ਮਾਣ ਨਿਮਾਣਾ ॥ ਗੁਰਮੁਖ ਸੁਖ ਫਲ ਪਤਿ ਪਰਵਾਣਾ ॥੧੪॥

## ਉਧਾਰ ਤੇ ਨਿਸਤਾਰੇ ਦਾ ਨਿਰਣਾ—

ਭਾਵ ਇਹ ਕਿ ਭਾਈ ਗੁਰਦਾਸ ਜੀ ਨੇ ਸਾਰੇ ਭੂਤ ਕਾਲ ਦੇ ਭਗਤ ਜਨਾਂ ਦੇ ਮੁਕਾਬਲੇ ਤੇ ਪਹਿਲੇ ਜੁਗਾਂ ਦੇ



www.AKJ.Org

ਭਗਤਾਂ ਦੀ ਭਗਤੀ ਭਾਉ ਦੇ ਉਦਾਹਰਨ ਦੇ ਕੇ ਇਹ ਗੱਲ ਦਸੀ ਹੈ ਕਿ –

੧ ਓ ਸਤਿਨਾਮ ਦੇ ਅਭਿਆਸੀ ਜਨ ਗੁਰਮੁਖਾਂ ਦੀ ਭਗਤ-ਵਡਿਆਈ ਦੀ ਵਿਲੱਖਣਤਾ 'ਆਪ ਜਣਾਇ ਨਾ ਆਪ ਲਖਾਇਆ'-ਮਈ ਹਉਮੈ ਦੇ ਮੁਕੰਮਲ ਅਭਾਵ ਵਿਚ ਹੈ। ਸਤਿਨਾਮ ਦੇ ਅਭਿਆਸੀ ਜਨਾਂ ਦੇ ਰਿਦੇ ਵਿਚ ਹਉਮੈ ਦੀ ਬੀਮਾਰੀ ਦੀ ਸੂਖਮ ਤੋਂ ਸੂਖਮ ਅੰਸ਼ ਭੀ ਨਹੀਂ ਰਹਿੰਦੀ। ਅਗਲੀ ਪਉੜੀ ਵਿਚ ਭਾਈ ਗੁਰਦਾਸ ਜੀ ਕਲਜੁਗ ਦੇ ਭਗਤਾਂ ਦੀ ਵਿਥਿਆ ਵਰਨਣ ਕਰਦੇ ਹੋਏ ਗੁਰੂ ਘਰ ਦੇ ਗੁਰਮੁਖ ਭਗਤਾਂ ਦੀ ਵਿਲੱਖਣਤਾ ਦਾ ਨਿਰਣਾ ਇਸ ਤਰ੍ਹਾਂ ਕਰਦੇ ਹਨ :–

ਕਲਿਜੁਗ ਨਾਮਾ ਭਗਤ ਹੋਇ, ਫੇਰ ਦੇਹੁਰਾ,
ਗਾਇ ਜੀਵਾਈ ॥ ਭਗਤ ਕਬੀਰ ਵਖਾਣੀਐ,
ਬੰਦੀਖਾਨੇ ਤੇ ਉਠ ਜਾਈ ॥ ਧੰਨਾ ਜਟ
ਉਧਾਰਿਆ, ਸਧਨਾ ਜਾਤਿ ਅਜਾਤਿ ਕਸਾਈ॥
ਜਨ ਰਵਦਾਸ ਚਮਾਰ ਹੋਇ, ਚਹੁੰ ਵਰਨਾਂ ਵਿਚ
ਕਰ ਵਡਿਆਈ ॥ ਬੇਣੀ ਹੋਆ ਅਧਿਆਤਮੀ,
ਸੈਣ ਨੀਚ ਕੁਲ ਅੰਦਰ ਨਾਈ॥ ਪੈਰੀਂ ਪੈ ਪਾਖਾਕ
ਹੋਇ, ਗੁਰਸਿਖਾਂ ਵਿਚ ਵਡੀ ਸਮਾਈ॥ ਅਲਖ
ਲਖਾਇ ਨ ਅਲਖ ਲਖਾਈ ॥੧੫॥

ਸਤਿਨਾਮ ਦੇ ਅਭਿਆਸ ਪ੍ਰਤਾਪ ਕਰਕੇ ਗੁਰ ਸਿਖ ਅਭਿਆਸੀ ਜਨ ਉਪ੍ਰੋਕਤ ਭਗਤਾਂ ਤੋਂ ਉਚੇਰੇ ਪਹੁੰਚਦੇ ਹਨ । ਸਤਿਨਾਮ ਦੇ ਅਭਿਆਸ ਕਰਕੇ ਗੁਰੂ ਨਾਨਕ ਸਾਹਿਬ ਜੀ ਦੇ ਗੁਰਸਿਖਾਂ ਦੀ ਉਥੇ ਰਸਾਈ ਹੈ ਜਿਥੇ ਕ੍ਰਿਤਮ ਨਾਮ ਦੇ ਅਭਿਆਸੀ ਭਗਤਾਂ ਦੀ ਨਹੀਂ ਹੋਈ। ਮਿਸਾਲ ਵਜੋਂ ਇਤਨੀ ਗੱਲ ਕਹਿਣੀ ਕਾਫ਼ੀ ਹੈ ਕਿ ਧ੍ਰੂ ਮੰਡਲ ਸਚਖੰਡ ਗੁਰਪੁਰੀ ਤੋਂ ਬਹੁਤ ਉਰੇਡੇ ਹੈ। ਇਸੇ ਤਰ੍ਹਾਂ ਹੋਰ ਭਗਤਾ ਸਬੰਧੀ ਸਮਝ ਲਵੋ।

ਪਰ ਉਧਾਰ ਹੋਇਆ ਉਨ੍ਹਾਂ ਭਗਤਾਂ ਦਾ ਭੀ ਗਿਣਿਆ ਜਾਂਦਾ ਹੈ। **ਉਧਾਰ ਉਧਾਰ ਵਿਚ ਭੀ ਫ਼ਰਕ ਹੈ।** ਚੁਰਾਸੀ ਤੋਂ ਛੁਟਣਾ ਭੀ ਇਕ ਪ੍ਰਕਾਰ ਦਾ ਉਧਾਰ ਨਿਸਤਾਰਾ ਹੀ ਗਿਣਿਆ ਜਾਂਦਾ ਹੈ। ਨਰਕਾਂ ਤੋਂ ਬਚ ਕੇ ਸੁਰਗ ਲੋਕ ਵਿਚ ਵਾਸਾ ਹੋਣਾ ਭੀ, ਸੁਰਗ ਦੀ ਇਛਾ ਰਖਣ ਵਾਲਿਆਂ ਲਈ ਇਕ ਉਧਾਰ ਹੈ। ਸੁਰਗ ਤੋਂ ਉਪ੍ਰੰਤ ਮੁਕਤ ਮੰਡਲ ਵਾਲਿਆਂ ਦਾ ਭੀ ਉਧਾਰ ਹੋਇਆ ਹੀ ਮੰਨਿਆ ਜਾਂਦਾ ਹੈ। ਕਰਮ ਖੰਡ ਦੇ ਨਦਰ ਮੰਡਲ ਵਿਚ ਪ੍ਰਵੇਸ਼ ਹੋਈਆਂ ਭਗਤਾਂ ਦੀਆਂ ਰੂਹਾਂ ਦਾ ਭੀ ਉਧਾਰ ਨਿਸਤਾਰਾ ਹੀ ਗਿਣਿਆ ਜਾਂਦਾ ਹੈ।

ਪਰ ਸਭ ਤੋਂ ਉਤਮ ਤੇ ਉਚੇਰਾ ਉਧਾਰ ਨਿਸਤਾਰਾ ਹੋਇਆ ਤਿਨ੍ਹਾਂ ਗੁਰਮੁਖਾਂ ਦਾ ਹੀ ਪ੍ਰਮਾਣੀਕ ਹੈ ਜੋ 'ਰਾਜੁ ਨ ਚਾਹਉ, ਮੁਕਤਿ ਨ ਚਾਹਉ, ਮਨਿ ਪ੍ਰੀਤਿ ਚਰਨ ਕਮਲਾ ਰੇ' ਦੀ ਨਿਸ਼ਕਾਮ ਭਗਤੀ ਦੁਆਰਾ ਅਮਰ ਅਟਾਰੇ ਪੁੱਗ ਖਲੋਤੇ। ਤੇ ਉਹ ਪੁੱਗ ਖਲੋਤੇ ਜਿਨ੍ਹਾਂ ਨੇ ਆਦਿ ਅੰਤ ਚਰਨ ਕੰਵਲ ਕੀ ਮਉਜ ਮਹਿ ਹੀ ਤੋੜ ਨਿਭਾਈ ਅਤੇ ਕਾਂਪ ਨਹੀਂ ਖਾਧੀ । ਜਿਨ੍ਹਾਂ 'ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ' ਵਾਲੀ ਬਿਵਸਥਾ ਵਿਚ ਰਤਿਆਂ ਹੋਇਆਂ ਹੇਠ ਲਿਖੇ ਗੁਰਵਾਕ ਦੀ ਕਸਉਟੀ ਅਨੁਸਾਰ ਆਪਣਾ ਭਗਤੀ ਭਾਵ ਵਾਲਾ ਜੀਵਨ ਤੋੜ ਨਿਬਾਹਿਆ :–

ਮਾਨ ਮੋਹ ਅਰੁ ਲੋਭ ਵਿਕਾਰਾ, ਬੀਓ ਚੀਤਿ ਨ
ਘਾਲਿਓ ॥ ਨਾਮ ਰਤਨੁ ਗੁਣਾ ਹਰਿ ਬਣਜੇ,
ਲਾਦਿ ਵਖਰੁ ਲੈ ਚਾਲਿਓ ॥੧॥ ਸੇਵਕ ਕੀ
ਓੜਕਿ ਨਿਬਹੀ ਪ੍ਰੀਤਿ ॥ ਜੀਵਤ ਸਾਹਿਬੁ
ਸੇਵਿਓ ਅਪਨਾ, ਚਲਤੇ ਰਾਖਿਓ ਚੀਤਿ ॥੧॥
ਰਹਾਉ॥ ਜੈਸੀ ਆਗਿਆ ਕੀਨੀ ਠਾਕੁਰਿ, ਤਿਸ ਤੇ
ਮੁਖੁ ਨਹੀ ਮੋਰਿਓ ॥ ਸਹਜੁ ਅਨੰਦੁ ਰਖਿਓ ਗ੍ਰਿਹ
ਭੀਤਰਿ, ਉਠਿ ਉਆਹੂ ਕਉ ਦਉਰਿਓ ॥੨॥
ਆਗਿਆ ਮਹਿ ਭੂਖ ਸੋਈ ਕਰਿ ਸੂਖਾ, ਸੋਗ
ਹਰਖ ਨਹੀ ਜਾਨਿਓ॥ ਜੋ ਜੋ ਹੁਕਮੁ ਭਇਓ
ਸਾਹਿਬ ਕਾ, ਸੋ ਮਾਥੈ ਲੇ ਮਾਨਿਓ ॥੩॥ ਭਇਓ
ਕ੍ਰਿਪਾਲੁ ਠਾਕੁਰੁ ਸੇਵਕ ਕਉ, ਸਵਰੇ ਹਲਤ
ਪਲਾਤਾ॥ ਧੰਨੁ ਸੇਵਕੁ ਸਫਲੁ ਓਹੁ ਆਇਆ,
ਜਿਨਿ ਨਾਨਕ ਖਸਮੁ ਪਛਾਤਾ ॥੪॥੫॥

[ਮਾਰੂ ਮ: ੫, ਪੰਨਾ ੧੦੦੦

ਉਪਰ ਦਿਤੇ ਗੁਰਵਾਕਾਂ ਅੰਦਰ ਦਰਸਾਇਆ ਉਚ ਅਵਸਥਾ ਵਾਲਾ ਉਧਾਰ-ਨਿਸਤਾਰਾ, ਕੇਵਲ ਗੁਰਮਤਿ ਦ੍ਰਿੜ੍ਹਾਏ ਸਤਿਨਾਮ ਦੁਆਰਾ ਹੀ ਪ੍ਰਾਪਤ ਹੋ ਸਕਦਾ ਹੈ।

www.AKJ.Org

ਅਤੇ ਇਹ ਸਤਿਨਾਮ ਕੇਵਲ ਗੁਰੂ-ਘਰ ਵਿਖੇ ਹੀ ਪ੍ਰਾਪਤ ਹੋ ਸਕਦਾ ਹੈ। ਗੁਰੂ-ਘਰ ਤੋਂ ਬਿਨਾਂ ਇਹ ਸਤਿਨਾਮ ਰੂਪੀ ਪ੍ਰਮ ਪਦਾਰਥ ਹੋਰਥੇ ਕਿਤੇ ਨਹੀਂ। ਏਸ ਸਤਿਨਾਮ ਪਦਾਰਥ ਤੋਂ ਬਿਨਾਂ ਬਥੇਰੇ ਰਿਖੀ ਮੁਨੀ ਅਵਤਾਰ ਪਚ ਪਚ ਮਰ ਥਕੇ। ਇਸ ਗੱਲ ਦੀ ਪੁਸ਼ਟੀ ਸ੍ਰੀ ਦਸਮੇਸ਼ ਜੀ ਦੇ ਹੇਠ ਲਿਖੇ ਗੁਰਵਾਕਾਂ ਤੋਂ ਹੁੰਦੀ ਹੈ—

ਜਿਹ ਕੋਟਿ ਇੰਦੰਰ ਨ੍ਰਿਪਾਰ ॥ ਕਈ ਬ੍ਰਹਮ ਬਿਸਨ ਬਿਚਾਰ ॥ ਕਈ ਰਾਮ ਕ੍ਰਿਸਨ ਰਸੂਲ ॥ ਬਿਨੁ ਭਗਤ ਕੋ ਨ ਕਬੂਲ ॥੮॥੩੮॥

[ਅਕਾਲ ਉਸਤਤਿ

ਜੱਛ ਭੁਜੰਗ ਸੁ ਦਾਨਵ ਦੇਵ, ਅਭੇਵ ਤੁਮੈ ਸਭ ਹੀ ਕਰ ਧਿਆਵੈ ॥ ਭੂਮਿ ਅਕਾਸ ਪਤਾਲ ਰਸਾਤਲ, ਜੱਛ ਭੁਜੰਗ ਸਭੈ ਸਿਰ ਨਿਆਵੈ ॥ ਪਾਇ ਸਕੈ ਨਹੀ ਪਾਰ ਪ੍ਰਭਾਹੂ ਕੋ, ਨੇਤ ਹੀ ਨੇਤਹ ਬੇਦ ਬਤਾਵੈ ॥ ਖੋਜ ਥਕੇ ਸਭ ਹੀ ਖੁਜੀਆਸੁਰ, ਹਾਰ ਪਰੇ ਹਰਿ ਹਾਥ ਨਾ ਆਵੈ ॥੭॥੨੪੯॥ ਨਾਰਦ ਸੇ ਚਤੁਰਾਨਨ ਸੇ, ਰੁਮਨਾ ਰਿਖ ਸੇ, ਸਭ ਹੂੰ ਮਿਲਿ ਗਾਇਓ ॥ ਬੇਦ ਕਤੇਬ ਨ ਭੇਦ ਲਖਿਓ, ਸਭ ਹਾਰ ਪਰੇ ਹਰਿ ਹਾਥ ਨ ਆਇਓ ॥ ਪਾਇ ਸਕੈ ਨਹੀ ਪਾਰ ਉਮਾਪਤਿ, ਸਿਧ ਸਨਾਥ ਸਨੰਤਨ ਧਿਆਇਓ ॥ ਧਿਆਨ ਧਰੋ ਤਿਹ ਕੋ ਮਨ ਮੈ, ਜਿਹ ਕੋ ਅਮਿਤੋਜਿ ਸਭੈ ਜਗੁ ਛਾਇਓ ॥ ੮॥੨੫੦॥ [ਅਕਾਲ ਉਸਤਤਿ

ਪੁਨਾ:—ਕੇਤੇ ਇੰਦ੍ਰ ਦੁਆਰ, ਕੇਤੇ ਬ੍ਰਹਮਾ ਮੁਖ ਚਾਰ, ਕੇਤੇ ਕ੍ਰਿਸਨਾ ਅਵਤਾਰ, ਕੇਤੇ ਰਾਮ ਕਹੀਅਤ ਹੈਂ ॥ ਕੇਤੇ ਸਸਿ ਰਾਸੀ, ਕੇਤੇ ਸੂਰਜ ਪ੍ਰਕਾਸੀ, ਕੇਤੇ ਮੁੰਡੀਆ ਉਦਾਸੀ, ਜੋਗ ਦੁਆਰ ਕਹੀਅਤੁ ਹੈਂ ॥ ਕੇਤੇ ਮਹਾਂਦੀਨ, ਕੇਤੇ ਬਿਆਸ ਸੇ ਪ੍ਰਬੀਨ, ਕੇਤੇ ਕੁਮੇਰ ਕੁਲੀਨ, ਕੇਤੇ ਜਛ ਕਹੀਅਤੁ ਹੈਂ ॥ ਕਰਤ ਹੈਂ ਬਿਚਾਰ ਪੈ ਨ ਪੂਰਨ ਕੋ ਪਾਵੈਂ ਪਾਰ, ਤਾਹੀ ਤੇ ਅਪਾਰ ਨਿਰਾਧਾਰ ਲਹੀਅਤੁ ਹੈਂ ॥ ੫॥੨੫੭॥ [ਅਕਾਲ ਉਸਤਤਿ

ਕਿਤੇ ਕ੍ਰਿਸਨ ਸੇ ਕੀਟ ਕੋਟੈ ਬਨਾਇ ॥ ਕਿਤੇ ਰਾਮ ਸੇ ਮੇਟਿ ਡਾਰੇ ਉਪਾਇ ॥ ਮਹਾਂਦੀਨ ਕੇਤੇ ਪ੍ਰਿਥੀ ਮਾਂਝ ਹੂਏ ॥ ਸਭੈ ਆਪਨੀ ਆਪਨੀ ਅੰਤ ਮੂਏ ॥ ੨੭॥ ਜਿਤੇ ਅਉਲੀਆ ਅੰਬੀਆ ਹੋਇ ਬੀਤੇ ॥ ਤਿਤਿਓ ਕਾਲ ਜੀਤਾ ਨ ਤੇ ਕਾਲ ਜੀਤੇ ॥ ਜਿਤੇ ਰਾਮ ਸੇ ਕ੍ਰਿਸਨ ਹੁਇ ਬਿਸਨ ਆਏ ॥ ਤਿਤਿਓ ਕਾਲਿ ਖਾਪਿਓ ਨ ਤੇ ਕਾਲ ਘਾਏ ॥੨੮॥ ਜਿਤੇ ਇੰਦ੍ਰ ਸੇ ਚੰਦ੍ਰ ਸੇ ਹੋਤ ਆਏ ॥ ਤਿਤਿਓ ਕਾਲ ਖਾਪਾ ਨ ਤੇ ਕਾਲ ਘਾਏ ॥ ਜਿਤੇ ਔਲੀਆ ਅੰਬੀਆ ਗੌਸ ਹ੍ਵੈ ਹੈਂ ॥ ਸਭੈ ਕਾਲ ਕੇ ਅੰਤ ਦਾੜ੍ਹਾ ਤਲੈ ਹੈਂ ॥੨੯॥ ਜਿਤੇ ਮਾਨਧਾਤਾਦਿ ਰਾਜਾ ਸੁਹਾਏ॥ ਸਭੈ ਬਾਂਧ ਕੈ ਕਾਲ ਜੇਲੈ ਚਲਾਏ ॥ ਜਿਨੈ ਨਾਮ ਤਾ ਕੋ ਉਚਾਰੇ ਉਬਾਰੇ ॥ ਬਿਨਾ ਸਾਮ ਤਾ ਕੀ ਲਖੇ ਕੋਟ ਮਾਰੇ ॥੩੦॥੫॥

[ਬਚਿਤ੍ਰ ਨਾਟਕ, ਧਿਆਇ ੧

ਸੋ ਐਸਾ ਸਚਾ ਨਾਮ ਸਤਿ ਸ਼ਬਦ ਸਤਿਨਾਮ ਦਾ ਸਚਾ ਸਿੱਕਾ ਸਚੇ ਵਾਹਿਗੁਰੂ ਗੁਰੂ ਨਾਨਕ ਸਾਹਿਬ ਜੀ ਦੀ ਸਚੀ ਟਕਸਾਲ ਤੋਂ ਹੀ ਚਲਿਆ। ਏਸੇ ਟਕਸਾਲ ਤੋਂ ਹੀ ਪ੍ਰਗਟ ਹੋਇਆ ਅਤੇ ਇਥੇ ਹੀ ਪ੍ਰਾਪਤ ਹੈ ਅਤੇ ਹਰ ਵਕਤ ਪ੍ਰਾਪਤ ਹੈ। ਸ੍ਰੀ ਗੁਰੂ ਗੁਰਦੇਵ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬੇ ਪੰਜਾਂ ਪਿਆਰਿਆਂ ਦੁਆਰਾ ਸ੍ਰੀ ਗੁਰਦੇਵ ਜੀ ਦੀ ਸੱਚੀ ਹਜ਼ੂਰੀ ਅਤੇ ਮਨਜ਼ੂਰੀ ਰੂਪੀ ਸੱਚੀ ਰਜ਼ਾ ਅੰਦਰ ਪ੍ਰਾਪਤ ਹੈ। ਆਓ, ਐਸੇ ਗੁਰਦੇਵ, ਸੱਚੇ ਗੁਰਦੇਵ ਕਉ ਸ੍ਰੀ ਭਾਈ ਗੁਰਦਾਸ ਜੀ ਦੀ ਰਸਨਾਵਲੀ ਅੰਦਰ ਰਚ ਕੇ ਮੰਗਲ-ਮਈ ਜੁਹਾਰ ਨਮਸਕਾਰ ਕਰਿ ਲਈਏ :—

ਨਮਸਕਾਰ ਗੁਰਦੇਵ ਕਉ, ਸਤਿਨਾਮ ਜਿਸ ਮੰਤ੍ਰ ਸੁਣਾਯਾ ॥ ਭਵਜਲ ਵਿਚੋਂ ਕਢ ਕੇ, ਮੁਕਤਿ ਪਦਾਰਥ ਮਾਹਿ ਸਮਾਯਾ ॥ ਜਨਮ ਮਰਨ ਭਉ ਕਟਿਆ, ਸੰਸਾ ਰੋਗ ਵਿਜੋਗ ਮਿਟਾਯਾ ॥ ਸੰਸਾ ਏਹ ਸੰਸਾਰ ਹੈ, ਜਨਮ ਮਰਨ ਵਿਚ ਦੁਖ ਸਬਾਯਾ ॥ ਜਮ ਡੰਡ ਸਿਰੋਂ ਨ ਉਤਰੇ, ਸਾਕਤ ਦੁਰਜਨ ਜਨਮ ਗਵਾਯਾ ॥ ਚਰਨ ਗਹੇ ਗੁਰਦੇਵ ਕੇ, ਸਤਿ ਸਬਦ ਦੇ ਮੁਕਤ ਕਰਾਯਾ ॥ ਭਾਇ ਭਗਤ ਗੁਰਪੁਰਬ ਕਰਿ, ਨਾਮ ਦਾਨ ਇਸਨਾਨ ਦ੍ਰਿੜਾਯਾ ॥ ਜੇਹਾ ਬੀਉ ਤੇਹਾ ਫਲ ਪਾਯਾ ॥

(ਭਾ: ਗੁਰਦਾਸ, ਵਾਰ ੧, ਪਉੜੀ ੧

['ਗੁਰਮਤਿ ਲੇਖ' ਵਿਚੋਂ



www.AKJ.Org

# ਅਕਾਲ ਪੁਰਖ ਦੀ ਦਰਗਾਹ (੫)

[ ਵਲੋਂ—ਗੁਰਪੁਰਿ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ ]

ਮਰਣੁ ਨ ਮੰਦਾ ਲੋਕਾ ਆਖੀਐ, ਜੇ ਮਰਿ ਜਾਣੈ ਐਸਾ ਕੋਇ ॥ ਸੇਵਿਹੁ ਸਾਹਿਬੁ ਸੰਮ੍ਰਥੁ ਆਪਣਾ, ਪੰਥੁ ਸੁਹੇਲਾ ਆਗੈ ਹੋਇ ॥ ਪੰਥਿ ਸੁਹੇਲੈ ਜਾਵਹੁ ਤਾਂ ਫਲੁ ਪਾਵਹੁ, ਆਗੈ ਮਿਲੈ ਵਡਾਈ ॥ ਭੇਟੈ ਸਿਉ ਜਾਵਹੁ ਸਚਿ ਸਮਾਵਹੁ, ਤਾਂ ਪਤਿ ਲੇਖੈ ਪਾਈ ॥ ਮਹਲੀ ਜਾਇ ਪਾਵਹੁ ਖਸਮੈ ਭਾਵਹੁ, ਰੰਗ ਸਿਉ ਰਲੀਆ ਮਾਣੈ ॥ ਮਰਣੁ ਨ ਮੰਦਾ ਲੋਕਾ ਆਖੀਐ, ਜੇ ਕੋਈ ਮਰਿ ਜਾਣੈ ॥

[ਵਡਹੰਸ ਮ: ੧, ਪੰਨਾ ੫੭੯

ਇਸ ਗੁਰ-ਵਾਕ ਦੁਆਰਾ ਮਰਨ ਪਿਛੋਂ ਅੱਗਾ, ਅਗਲਾ ਪੰਥੁ, ਅਗਲੇ ਲੋਕ ਦਾ ਬਿਰਤੰਤ ਸਪੱਸ਼ਟ ਸਿਧ ਹੈ। ਅੱਗਾ ਹੈ। ਪਰ ਅੱਗਾ ਸੁਹੇਲਾ ਉਨ੍ਹਾਂ ਦਾ ਹੀ ਹੈ, ਜਿਨ੍ਹਾਂ ਨੇ ਇਸ ਜਨਮ ਵਿਖੇ ਆਪਣਾ ਜੀਵਨ ਐਸਾ ਸੰਵਾਰਿਆ ਹੈ ਕਿ ਮਰਨ ਸਮੇਂ ਭੀ ਉਨ੍ਹਾਂ ਨੂੰ ਨਾਮ ਚਿਤਿ ਆਇਆ ਹੈ। ਨਾਮ ਵਿਹੂਨੜਿਆਂ, ਨਾਮ ਸੂਨੜਿਆਂ ਦਾ ਮਰਨ ਭੀ ਮੰਦਾ। ਮਰਨ ਪਿਛੋਂ ਤਿਨ੍ਹਾਂ ਦਾ ਅਗਲੇਰਾ ਹਾਲ ਭੀ ਮੰਦਾ। ਯਕੀਨ ਵਸੂਕ ਵਾਲੀ ਇਹ ਗੱਲ ਹੈ। ਸੱਚੇ ਸੂਰਮੇ ਕਰਨੀ ਦੇ ਸੂਰੇ, ਕਮਾਈ ਦੇ ਪੂਰੇ ਤੇ ਸੁੱਚੇ ਭਾਂਡੇ ਉਹ ਹਨ ਜਿਨ੍ਹਾਂ ਨੇ ਜੀਊਂਦੇ-ਜੀ ਸਾਹਿਬ ਸੇਵਿਆ ਤੇ ਸਿਮਰਿਆ ਹੈ ਅਤੇ ਮਰਨ ਸਮੇਂ ਭੀ ਸੇਵਾ ਸਿਮਰਨ ਨਹੀਂ ਵਿਸਾਰਿਆ। ਐਸੇ ਮੁਣਸਾਂ ਸੂਰਮਿਆਂ ਦਾ ਮਰਨਾ ਹਕ-ਹਕੀਕੀ ਸਚਾ ਹੈ, ਜੋ ਪਰਵਾਨ ਹੋ ਕੇ ਮਰਦੇ ਹਨ।

ਅਗੇ ਚਲ ਕੇ ਭੀ ਸੋਈ ਜਨ ਸੂਰਮੇ ਸਦਾਉਂਦੇ ਹਨ ਜਿਨ੍ਹਾਂ ਨੂੰ ਸੱਚੀ ਦਰਗਹੇ ਜਾ ਕੇ ਸਚੜਾ ਮਾਣ ਮਿਲਦਾ ਹੈ। ਇਕੋ ਇਕ ਵਾਹਿਗੁਰੂ ਧਿਆਵਣ-ਹਾਰਿਆਂ ਨੂੰ ਅਗੇ ਚਲ ਕੇ ਦੁਖ ਨਹੀਂ ਲਗਦਾ, ਜਮ-ਮਾਰਗੀ ਜਾਣ ਵਾਲਿਆਂ ਨੂੰ ਦੁਖ ਲਗਦਾ ਹੈ। ਸਿਮਰਨ ਵਾਲਿਆਂ ਦਾ ਇਹ ਭਾਉ ਭਾਗ ਬਣੇਗਾ ਕਿ ਉਹ ਸਗੋਂ ਪਤਿ ਸੇਤੀ ਦਰਗਾਹੇ ਜਾ ਕੇ ਸਚੜਾ ਮਾਣ ਪਾਉਂਦੇ ਹਨ। ਯਥਾ ਗੁਰਵਾਕ—

ਮਰਣੁ ਮੁਣਸਾ ਸੂਰਿਆ ਹਕੁ ਹੈ, ਜੋ ਹੋਇ ਮਰਨਿ ਪਰਵਾਣੋ ॥ ਸੂਰੇ ਸੇਈ ਆਗੈ ਆਖੀਐ, ਦਰਗਹ ਪਾਵਹਿ ਸਾਚੀ ਮਾਣੋ ॥ ਦਰਗਹ ਮਾਣੁ ਪਾਵਹਿ ਪਤਿ ਸਿਉ ਜਾਵਹਿ, ਆਗੈ ਦੂਖ ਨ ਲਾਗੈ ॥ ਕਰਿ ਏਕੁ ਧਿਆਵਹਿ ਤਾਂ ਫਲੁ ਪਾਵਹਿ, ਜਿਤੁ ਸੇਵਿਐ ਭਉ ਭਾਗੈ ॥ [ਵਡਹੰਸ ਮ: ੧, ਪੰਨਾ ੫੮੦

ਇਸ ਗੁਰਵਾਕ ਅੰਦਰ ਭੀ ਅੱਗਾ ਤੇ ਅਗਲੀ ਦਰਗਾਹ ਜ਼ੋਰਦਾਰ ਸੱਤਤਾ ਸਹਿਤ ਪਰਵਾਨੇ ਗਏ ਹਨ। ਪਰੰਤੂ ਇਹ ਸਤਿਗੁਰੂ ਦੀ ਸੇਵਾ ਚਾਕਰੀ ਹੀ ਹੈ ਜੋ ਜਗਿਆਸੂਆਂ ਨੂੰ ਅਗਲੀ ਦਰਗਾਹ ਅੰਦਰ ਸੁਰਖ਼ਰੂ ਅਤੇ ਸੁਹੇਲੇ ਕਰਦੀ ਹੈ। ਸਤਿਗੁਰੂ ਦ੍ਰਿੜ੍ਹਾਈ ਸੇਵਾ-ਸਿਮਰਨ-ਕਮਾਈ ਕਰਨ-ਹਾਰਿਆਂ ਨੂੰ ਐਥੇ (ਇਸ ਲੋਕ ਵਿਖੇ) ਵਡਿਆਈਆਂ ਮਿਲਦੀਆਂ ਹਨ ਅਤੇ ਅਗਲੀ ਦਰਗਾਹ ਵਿਖੇ ਮੋਖ-ਦੁਆਰ ਪਦਵੀ ਮਿਲਦੀ ਹੈ। ਯਥਾ ਗੁਰਵਾਕ—

ਸਤਿਗੁਰ ਕੀ ਸੇਵਾ ਚਾਕਰੀ, ਸੁਖੀ ਹੂੰ ਸੁਖ ਸਾਰੁ ॥ ਐਥੈ ਮਿਲਨਿ ਵਡਿਆਈਆ, ਦਰਗਹ ਮੋਖ ਦੁਆਰੁ ॥ [ਸਲੋਕ ਮ: ੩, ਪੰਨਾ ੫੮੬

ਹਰਿ-ਦਰਗਾਹ ਅੰਦਰ ਢੋਈ ਤਿਨ੍ਹਾਂ ਨੂੰ ਹੀ ਮਿਲਦੀ ਹੈ ਜੋ ਦਿਨਸ-ਰਾਤ ਵਾਹਿਗੁਰੂ ਦਾ ਜਾਪ-ਸਿਮਰਨ ਕਰਦੇ ਹਨ। ਯਥਾ ਗੁਰਵਾਕ—

ਨਿਤ ਜਪਿਅਹੁ ਹਰਿ ਹਰਿ ਦਿਨਸੁ ਰਾਤਿ, ਹਰਿ ਦਰਗਹ ਢੋਈਐ ॥

[ਪਉੜੀ ਵਾਰ ਵਡਹੰਸ ਕੀ, ਪੰਨਾ ੫੮੭

ਗੁਰਸਿਖਾਂ ਦੇ ਹੀ ਹਰੀ ਦਰਗਾਹੇ ਮੁਖ ਉਜਲੇ ਹਨ। ਯਥਾ ਗੁਰਵਾਕ—

ਗੁਰਸਿਖਾ ਕੇ ਮੁਖ ਉਜਲੇ, ਹਰਿ ਦਰਗਹ ਭਾਵਹਿ ॥

[ਪਉੜੀ ਵਡਹੰਸ ਕੀ ਵਾਰ, ਪੰਨਾ ੫੯੦

**ਹਰੀ ਦਰਗਾਹ ਦਾ ਹੋਣਾ ਸਤਿ ਕਰ ਮੰਨਣਾ ਐਨ ਗੁਰਮਤਿ ਅਨਕੂਲ ਹੈ। ਗੁਰਮਤਿ ਅਨੁਸਾਰ ਨਿਰੰਕਾਰ ਦਾ ਦੇਸ ਭੀ ਹੈ ਅਤੇ ਨਿਰੰਕਾਰੀ ਦਰਗਾਹ ਭੀ ਹੈ।**



www.AKJ.Org

ਯਥਾ ਗੁਰਵਾਕ—

ਨਿਰੰਕਾਰ ਕੈ ਦੇਸਿ ਜਾਹਿ, ਤਾ ਸੁਖਿ ਲਹਹਿ ਮਹਲੁ ॥ [ਸੋਰਠ ਮ: ੧, ਪੰਨਾ ੫੯੫

ਸੁਖ ਮਹਲੀ ਮਹਲ ਨਿਰੰਕਾਰੀ ਦੇਸ ਇਹ ਅਗਲੇ ਲੋਕ ਵਿਖੇ ਹੀ ਹਨ, ਜਿਥੇ ਜਾਇ ਕੇ ਵਸਣਾ ਰਸਣਾ ਹੈ। ਸਤਿ ਕਰ ਮੰਨਣਾ ! ਗੁਰੂ ਕੇ ਸਿਖੋ ਭਾਈਓ !!

ਇਹ ਨਿਰੰਕਾਰੀ ਦੇਸ ਘਰ ਮਹਲ ਗੁਰਸਿਖਾਂ, ਅਨਿੰਨ ਅਭਿਆਸ ਕਮਾਈ ਵਾਲੇ ਗੁਰਸਿਖਾਂ ਨੂੰ ਹੀ ਪ੍ਰਾਪਤ ਹੈ, ਜਿਨ੍ਹਾਂ ਨੇ ਗੁਰੂ ਦੀ ਸਾਧ ਸੰਗਤਿ ਮਹਿ ਰਹਿ ਬਹਿ ਕੇ ਸਹਿਜ ਪਦ ਦਾ ਰਸ ਚਾਖਿਆ ਹੈ। ਜਿਨ੍ਹਾਂ ਨੈ ਇਹ ਰਸ ਨਹੀਂ ਚਾਖਿਆ, ਜਿਨ੍ਹਾਂ ਮਨਮੁਖਾਂ ਦੀ ਰਸਨਾ ਨੇ ਰਾਈ ਮਾਤਰ ਭੀ ਹਰਿ-ਰਸ ਨਹੀਂ ਚਾਖਿਆ ਅਤੇ ਤਨ ਮਨ ਧਨ ਅਪਨਾ ਹੀ ਕਰਕੇ ਮੰਨਿਆ ਹੈ, ਗੁਰੂ ਕਾ ਨਹੀਂ ਜਾਣਿਆ, ਅਰਥਾਤ ਜਿਨ੍ਹਾਂ ਨੇ ਤਨ ਮਨ ਧਨ ਗੁਰੂ ਵਿਟਹੁ ਕੁਰਬਾਨ ਨਹੀਂ ਕੀਤਾ, ਤਿਨ੍ਹਾਂ ਨੇ ਹਰਿ-ਦਰਗਾਹੀ ਦਰ ਦੀ ਖ਼ਬਰ ਨਹੀਂ ਪਾਈ। ਮਨਮੁਖ ਮਤਸਰੀ ਪੁਰਸ਼ ਨੂੰ ਜਨਮ ਸਮੇਂ ਅੰਧੇਰ ਗੁਬਾਰ ਹੀ ਗੁਬਾਰ ਹੈ। ਉਸ ਨੂੰ ਅਗਲੀ ਦਰਗਾਹ ਵਾਲਾ ਨਾ ਘਰ ਦਿਸਦਾ ਹੈ ਨਾ ਗੁਰੂ ਦਿਸਦਾ ਹੈ। ਉਹ ਆਪਣਾ ਕੀਤਾ ਪਾਉਂਦਾ ਹੈ ਅਤੇ ਜਮ-ਦਰ ਬੱਧਾ ਹੋਇਆ ਚੋਟਾਂ ਖਾਂਦਾ ਹੈ। ਸੋਈ ਸੱਚੀ ਦਰਗਾਹ ਦੇ ਅਗਲੇ ਨਜ਼ਾਰੇ ਨੂੰ ਪਰਤੱਖ ਅੱਖੀਂ ਦੇਖਦੇ ਹਨ ਜਿਨ੍ਹਾਂ ਉਤੇ ਨਦਰੀ ਵਾਹਿਗੁਰੂ ਦੀ ਨਦਰ ਮਿਹਰ ਹੁੰਦੀ ਹੈ। ਤਿਨ੍ਹਾਂ ਦੀ ਗਹਿਣ-ਗਤੀ ਕਹੀ ਨਹੀਂ ਜ ਦੀ। ਯਥਾ ਗੁਰਵਾਕ—

ਸਾਧ ਸਭਾ ਮਹਿ ਸਹਜੁ ਨ ਚਾਖਿਆ, ਜਿਹਬਾ ਰਸੁ ਨਹੀ ਰਾਈ ॥ ਮਨੁ ਤਨੁ ਧਨੁ ਅਪੁਨਾ ਕਰਿ ਜਾਨਿਆ, ਦਰ ਕੀ ਖਬਰਿ ਨ ਪਾਈ ॥ ਅਖੀ ਮੀਟਿ ਚਲਿਆ ਅੰਧਿਆਰਾ, ਘਰੁ ਦਰੁ ਦਿਸੈ ਨ ਭਾਈ ॥ ਜਮਦਰਿ ਬਾਧਾ ਠਉਰ ਨ ਪਾਵੈ, ਅਪੁਨਾ ਕੀਆ ਕਮਾਈ ॥ ਨਦਰਿ ਕਰੇ ਤਾ ਅਖੀ ਵੇਖਾ, ਕਹਣਾ ਕਥਨੁ ਨ ਜਾਈ ॥

[ਸੋਰਠ ਮ: ੧, ਪੰਨਾ ੫੯੬

ਗੁਰਮੁਖ ਹੀ ਇਹ ਪਦ ਪਾਉਂਦੇ ਹਨ, ਮਨਮੁਖ ਆਪਣਾ ਕੀਆ ਕਮਾਉਂਦੇ ਹਨ। ਗੁਰ-ਸ਼ਬਦ ਗੁਰ-ਮੰਤਰ ਦੀ ਕਮਾਈ ਨਾਲ ਹੀ ਵਾਹਿਗੁਰੂ ਪਾਇਆ ਜਾ ਸਕਦਾ ਹੈ। ਇਸ ਗੁਰ-ਸ਼ਬਦ ਵਿਹੂਣਾ ਸਭ ਜਗ ਭਰਮਿਆ ਫਿਰਦਾ ਹੈ। ਭਰਮਦੇ ਫਿ ਦਿਆਂ ਭੁਲਿਆਂ ਭਟਕਿਆਂ ਨੂੰ ਅਗਲੀ ਦਰਗਾਹੇ ਜ਼ਰੂਰ ਸਜ਼ਾ ਮਿਲੇਗੀ। ਯਥਾ ਗੁਰਵਾਕ—

ਮਨ ਮੇਰੇ ਗੁਰ ਸਬਦੀ ਹਰਿ ਪਾਇਆ ਜਾਇ ॥ ਬਿਨੁ ਸਬਦੈ ਜਗੁ ਭੁਲਦਾ ਫਿਰਦਾ, ਦਰਗਹ ਮਿਲੈ ਸਜਾਇ ॥

[ਸੋਰਠ ਮ: ੩, ਪੰਨਾ ੬੦੦

ਤ੍ਰੈ ਗੁਣ ਧਾਤ ਬਹੁ ਕਰਮ ਕਮਾਵਣ-ਹਾਰਿਆਂ, ਸੰਧਿਆ ਤਰਪਣ ਗਾਇਤ੍ਰੀ ਆਦਿਕ ਆਨ-ਮਤ ਪਾਖੰਡ-ਕਰਮੀਆਂ ਨੂੰ ਅਗਲੇ ਦਰ-ਘਰ ਦੀ ਸੂਝ-ਬੂਝ ਨਹੀਂ ਹੋ ਸਕਦੀ। ਤਿਨ੍ਹਾਂ ਨੂੰ ਨਾ ਹੀ ਹਰਿ-ਰਸ ਦਾ ਸੁਆਦ ਆਇਆ, ਨਾ ਹੀ ਤਿਨ੍ਹਾਂ ਨੇ ਗੁਰੂ ਕਾ ਸ਼ਬਦ ਕਮਾਇਆ ਹੈ। ਬਿਨ ਸ਼ਬਦੇ ਤਿਨ੍ਹਾਂ ਦੁਖ ਹੀ ਪਾਇਆ ਹੈ। ਸਤਿਗੁਰੂ ਬਿਨਾਂ ਸਾਰਾ ਜਗੁ ਅੰਧੇਰੇ ਵਿਚ ਹੀ ਅੰਧ ਕਮਾਉਂਦਾ ਫਿਰਦਾ ਹੈ। ਅੰਧੇਰੇ ਵਿਚ ਤਿਨ੍ਹਾਂ ਨੂੰ ਰਾਹ ਹੀ ਨਹੀਂ ਦਿਸਦਾ, ਸੱਚਾ ਮਾਰਗ ਤਾਂ ਕੀ ਦਿਸਣਾ ਸੀ। ਸੱਚਾ, ਗੁਰੂ-ਘਰ ਦੁਆਰਾ ਜੇ ਉਨ੍ਹਾਂ ਨੂੰ ਕਰਮ ਕਰਿ ਪ੍ਰਾਪਤ ਹੋ ਜਾਵੇ ਤਾਂ ਉਨ੍ਹਾਂ ਦੀਆਂ ਅੱਖਾਂ ਖੁਲ੍ਹਣ ਅਤੇ ਘਰ ਅੰਦਰ ਸੱਚ ਵਥ ਪਾਉਣ ਦੀ ਸੋਝੀ ਪਵੇ। ਯਥਾ ਗੁਰਵਾਕ—

ਤ੍ਰੈ ਗੁਣ ਧਾਤੁ ਬਹੁ ਕਰਮ ਕਮਾਵਹਿ, ਹਰਿ ਰਸ ਸਾਦੁ ਨ ਆਇਆ ॥ ਸੰਧਿਆ ਤਰਪਣੁ ਕਰਹਿ ਗਾਇਤ੍ਰੀ, ਬਿਨੁ ਬੂਝੇ ਦੁਖੁ ਪਾਇਆ ॥...... ਇਹੁ ਜਗੁ ਅੰਧਾ ਸਭੁ ਅੰਧੁ ਕਮਾਵੈ, ਬਿਨੁ ਗੁਰ ਮਗੁ ਨ ਪਾਏ ॥ ਨਾਨਕ ਸਤਿਗੁਰੁ ਮਿਲੈ ਤ ਅਖੀ ਵੇਖੈ, ਘਰੈ ਅੰਦਰਿ ਸਚੁ ਪਾਏ ॥

[ਸੋਰਠ ਮ: ੩, ਪੰਨਾ ੦੩

ਦਾਤੇ ਨੇ ਦਾਤ ਆਪਣੇ ਹਥਿ ਰਖੀ ਹੈ। ਜਿਸ ਨੂੰ ਉਹ ਚਾਹੇ ਤਿਸ ਨੂੰ ਦੇਵੇ। ਨਾਮ-ਰਤਿਆਂ ਨੇ ਹੀ ਸਦਾ-ਸੁਖ ਪਾਇਆ ਹੈ। ਨਾਮ-ਰਤਿਆਂ ਤੇ ਹੀ ਦਾਤਾ ਤੁਠਦਾ ਹੈ। ਤਿਨ੍ਹਾਂ ਨੂੰ ਹੀ ਨਿਜ-ਦਰਗਾਹੀ ਦਾਤਾਂ ਦਿੰਦਾ ਹੈ। ਨਾਮ-ਰਤੇ ਹੀ ਸਚੜੀ ਦਰਗਾਹੇ ਜਾਪਦੇ ਸੰਞਾਪਦੇ ਹਨ —

ਦਾਤੇ ਦਾਤਿ ਰਖੀ ਹਥਿ ਅਪਣੈ, ਜਿਸੁ ਭਾਵੈ ਤਿਸੁ ਦੇਈ ॥ ਨਾਨਕ ਨਾਮਿ ਰਤੇ ਸੁਖੁ ਪਾਇਆ, ਦਰਗਹ ਜਾਪਹਿ ਸੇਈ ॥ [ਸੋਰਠ ਮ: ੩, ਪੰ: ੬੦੪



www.AKJ.Org

ਮਨਮੁਖ ਸਾਕਤ ਬਪੜੇ ਨਾਮ ਦੀ ਦਾਤ ਖੁਣੋਂ ਭੁੱਖੇ ਹੀ ਮਰਦੇ ਹਨ ਅਤੇ ਦੁਖ ਭੁਖ ਦੇ ਮਾਰੇ ਦਹਿਦਿਸ ਪਏ ਡੋਲਦੇ ਫਿਰਦੇ ਹਨ। ਨਾਮੋ ਸਖਣੇ ਹੋਣ ਕਰਿ ਏਹ ਦੁਖ ਉਨ੍ਹਾਂ ਨੂੰ ਭੁਗਤਣੇ ਪੈਂਦੇ ਹਨ। ਉਹ ਮੁੜਿ ਮੁੜਿ ਜੰਮਦੇ ਮਰਦੇ ਜੋਨੀਆਂ ਵਿਚ ਆਉਂਦੇ ਜਾਂਦੇ ਹਨ। ਤਿਨ੍ਹਾਂ ਨੂੰ ਦਰਗਾਹ ਅੰਦਰ ਸਜ਼ਾਵਾਂ ਮਿਲਦੀਆਂ ਹਨ। ਸਤਿਗੁਰੂ ਤੋਂ ਘੋਲ ਘੁਮਾਈ ਗੁਰਸਿਖਾਂ, ਗੁਰੂ ਜਪਣ-ਹਾਰਿਆਂ ਨੂੰ ਆਗੈ ਪਾਛੈ, ਇਸ ਲੋਕ ਅਤੇ ਅਗਲੇ ਲੋਕ ਵਿਖੇ ਸੁਖ ਸਹਜ ਆਨੰਦ ਹੀ ਆਨੰਦ ਹੈ। ਯਥਾ ਗੁਰਵਾਕ—

ਅਪੁਨੇ ਸਤਿਗੁਰ ਕੈ ਬਲਿਹਾਰੈ ॥ ਆਗੈ ਸੁਖੁ ਪਾਛੈ
ਸੁਖ ਸਹਜਾ, ਘਰਿ ਆਨੰਦੁ ਹਮਾਰੈ ॥
[ਸੋਰਠ ਮ: ੫, ਪੰਨਾ ੬੦੯

ਹਰਿ ਜਨ ਕੀ ਸੇਵਾ ਤੇ ਸਤਸੰਗ ਕਰਨਹਾਰਿਆਂ ਦੇ ਕੋਟ ਅਪਰਾਧ ਮਿਟਦੇ ਹਨ। ਹਰਿ-ਕੀਰਤਨ-ਰਸਿ ਗਾਵਣ ਦੀ ਦਾਤ ਭੀ ਤਿਨ੍ਹਾਂ ਦੇ ਸਤਿਸੰਗਿ ਸੇਵਾ-ਪ੍ਰਤਾਪ ਕਰਿ ਹੀ ਮਿਲਦੀ ਹੈ। ਤਿਨ੍ਹਾਂ ਵਡਭਾਗਿਆਂ ਨੂੰ ਇਸ ਲੋਕ ਵਿਖੇ ਸੱਚਾ ਸੁਖ ਮਿਲਦਾ ਹੈ ਅਤੇ ਅਗੇ ਪਰਲੋਕ ਵਿਚ ਤਿਨ੍ਹਾਂ ਦਾ ਮੁਖ ਉਜਲਾ ਹੁੰਦਾ ਹੈ। ਯਥਾ ਗੁਰਵਾਕ—

ਕੋਟਿ ਪ੍ਰਾਧ ਮਿਟਹਿ ਜਨ ਸੇਵਾ, ਹਰਿ ਕੀਰਤਨੁ
ਰਸਿ ਗਾਈਐ ॥ ਈਹਾ ਸੁਖੁ ਆਗੈ ਮੁਖ ਊਜਲ,
ਜਨ ਕਾ ਸੰਗੁ ਵਡਭਾਗੀ ਪਾਈਐ ॥
[ਸੋਰਠ ਮ: ੫, ਪੰਨਾ ੬੧੦

ਤਿਨ੍ਹਾਂ ਦੇ ਹਿਰਦੈ ਅੰਦਰ ਗੁਰਮਤਿ ਨਾਮ-ਵਸ ਗਇਆ ਹੈ। ਸੇ ਨਿਰਭਉ ਭਏ ਹੈਂ। ਸੇ ਸਚਿਆਰ ਗੁਰਸਿਖ ਸਤਿਗੁਰੂ ਨੂੰ ਭਾਣੇ ਹਨ। ਤਿਨ੍ਹਾਂ ਨੂੰ ਈਹਾਂ ਇਸ ਲੋਕ ਵਿਖੇ ਜੀਉਂਦੇ-ਜੀ ਸਚੇ ਸੁਖ ਦੀ ਪ੍ਰਾਪਤੀ ਹੋਈ ਹੈ। ਅਤੇ ਅਗਲੀ ਦਰਗਾਹ ਵਿਖੇ ਤਿਨ੍ਹਾਂ ਦਾ ਮੁਖ ਉਜਲਾ ਭਇਆ ਹੈ। ਤਿਨ੍ਹਾ ਦੇ ਸਭ ਆਵਣ ਜਾਣੇ ਮਿਟ ਗਏ ਹੈਂ। ਯਥਾ ਗੁਰਵਾਕ —

ਈਹਾ ਸੁਖੁ ਆਗੈ ਮੁਖ ਊਜਲ, ਮਿਟਿ ਗਏ
ਆਵਣ ਜਾਣੇ ॥ ਨਿਰਭਉ ਭਏ ਹਿਰਦੈ ਨਾਮੁ
ਵਸਿਆ, ਅਪੁਨੇ ਸਤਿਗੁਰ ਕੈ ਮਨ ਭਾਣੇ ॥
[ਸੋਰਠ ਮ: ੫, ੬੧੪

ਹਰਿ ਨਾਮ ਆਰਾਧਿਆਂ ਗੁਣ ਗਾਵਾਧਿਆਂ ਹੀ ਆਪਣੇ ਨਿਜ-ਘਰੀ ਅਸਥਾਨ ਵਿਖੇ ਵਸੀਦਾ ਹੈ। ਅਤੇ ਗੁਰ ਸਰਣਾਈ ਆਇਆਂ ਹੀ ਹਰਿਨਾਮ ਆਰਾਧ ਸਕੀਦਾ ਹੈ ਤੇ ਹਰਿ ਗੁਣ ਗਾਵਣ ਦਾ ਧੁਰਵਾ ਤਦ ਤੋਂ ਹੀ ਬੱਝਾ ਹੈ ਜਦੋਂ ਤੋਂ ਗੁਰਬਾਣੀ ਧੁਰੋਂ ਆਇ ਅਵਤਰੀ। ਗੁਰਬਾਣੀ ਅੰਦਰ ਹੀ ਹਰਿ ਗੁਣ ਗੁੰਫਤ ਹਨ। ਨਾਮ ਨਿਰਬਾਣ ਦਾ ਆਗਾਜ਼ ਹੀ ਗੁਰੂ ਨਾਨਕ ਨਿਰੰਕਾਰੀ ਤੋਂ ਹੀ ਹੋਇਆ ਹੈ। ਤਾਂਤੇ **ਇਹ ਦੋਊ ਵਥੂਆਂ ਹਰਿ ਗੁਣ ਗਾਵਣਾ ਅਤੇ ਨਾਮ ਧਿਆਵਣਾ ਕੇਵਲ ਗੁਰੂ-ਘਰ ਤੋਂ ਹੀ ਹਾਸਲ ਹੋਣ ਯੋਗ ਹਨ**। ਹੋਣ ਯੋਗ ਕੀ, ਹਾਸਲ ਹੁੰਦੀਆਂ ਹੀ ਏਥੇ (ਗੁਰੂ ਘਰੋਂ ਗੁਰੂ ਸਰੂਪ ਪੰਜਾਂ ਪਿਆਰਿਆਂ ਤੋਂ) ਹਨ। ਗੁਰੂ ਕੀ ਸ਼ਰਨ ਆਉਣ ਤੋਂ ਤੇ ਗੁਰੂ ਕੀ ਸ਼ਰਨ ਪੈਣ ਤੋਂ ਭਾਵ ਗੁਰ-ਦੁਆਰਿਓਂ ਗੁਰ-ਦੀਖਿਆ ਲੈ ਕੇ (ਅੰਮ੍ਰਿਤ ਛਕ ਕੇ) ਗੁਰਸਿਖ ਬਣਨ ਤੋਂ ਹੈ। ਬਸ ਗੁਰੂ-ਸ਼ਰਨੀ ਪਇਆਂ ਹੀ ਕਲਿਆਣ ਹੈ ਅਤੇ ਜਨਮ ਮਰਨ ਦੇ ਗੇੜ ਦਾ ਨਿਬੇੜਾ ਹੈ ਅਤੇ ਜਮ-ਦੂਤਾਂ ਦੇ ਦੂਤੇੜੇ ਦਾ ਭੈ ਨਿਵਿਰਤੇੜਾ ਹੈ। ਤਿਸ ਬਿਨਾਂ ਕੇਵਲ ਇਸ ਬਿਧ ਹੀ ਸਚੀ ਦਰਗਹਿ ਮਾਨ ਪਾਉਣ ਦਾ ਸਚਾ ਮਰਤਬਾ ਮਿਲਦਾ ਹੈ, ਹੋਰ ਕਿਤੇ ਬਿਧ ਨਹੀਂ। ਹਰਿ ਦਰਗਾਹ ਦਾ ਮਰਤਬਾ ਜਿਨ੍ਹਾਂ ਪਾਇਆ ਹੈ, ਤਿਨ੍ਹਾਂ ਜੀਉਂਦੇ-ਜੀ ਹੀ ਪਾਇਆ ਤੇ ਦੇਖ ਲੀਤਾ ਹੈ। ਤਾਂ ਤੇ ਅਗਲੀ ਦਰਗਾਹ ਦੀ ਹੋਂਦ ਬਾਰੇ ਰੰਚਕ ਧੋਖਾ ਭੁਲੇਖਾ ਨਹੀਂ ਰਹਿੰਦਾ। ਯਥਾ ਗੁਰਵਾਕ—

ਗੁਰ ਕੀ ਸਰਣਿ ਪਏ ਭੈ ਨਾਸੇ, ਸਾਚੀ ਦਰਗਹ
ਮਾਨੇ ॥ ਗੁਣ ਗਾਵਤ ਆਰਾਧਿ ਨਾਮੁ ਹਰਿ,
ਆਏ ਅਪੁਨੇ ਥਾਨੇ ॥ [ਸੋਰਠ ਮ: ੫, ਪੰਨਾ ੬੧੫

ਸਤਿਗੁਰੂ ਨਾਨਕ ਦਾ ਇਹ ਅਟੱਲ ਬਚਨ ਹੈ ਕਿ ਜਿਸ ਦੇ ਮਸਤਕ ਤੇ ਸਤਿਗੁਰੂ ਸੱਚੇ ਪਾਤਸ਼ਾਹ ਨੇ ਸਫਲ ਸੁਲੱਖਣਾ ਹਸਤ ਕੰਵਲ ਧਾਰਿਆ ਹੈ ਉਸ ਦਾ ਗੁਣ ਅਵਗੁਣ ਨਹੀਂ ਵੀਚਾਰਿਆ। ਉਸ ਦੇ ਹਲਤ ਪਲਤ ਦੋਵੇਂ ਹੀ ਸੰਵਰ ਗਏ ਹਨ। ਸਤਿਗੁਰੂ ਨੇ ਸੰਵਾਰ ਦਿਤੇ ਹਨ। ਹਲਤ ਇਹ ਲੋਕ ਅਤੇ ਪਲਤ ਅਗਲਾ ਲੋਕ, ਦੋਵੇਂ ਹੀ ਸਵਾਰ ਦਿਤੇ ਗਏ ਹਨ। ਯਥਾ ਗੁਰਵਾਕ —

ਹਲਤੁ ਪਲਤੁ ਪ੍ਰਭ ਦੋਵੈ ਸਵਾਰੇ, ਹਮਰਾ ਗੁਣੁ



www.AKJ.Org

ਅਵਗੁਣੁ ਨ ਬੀਚਾਰਿਆ ॥ ਅਟਲ ਬਚਨੁ ਨਾਨਕ ਗੁਰ ਤੇਰਾ, ਸਫਲ ਕਰੁ ਮਸਤਕਿ ਧਾਰਿਆ ॥

[ਸੋਰਠ ਮ: ੫, ਪੰਨਾ ੬੨੧

ਪ੍ਰਭ ਸਤਿਗੁਰ ਦੀਨ ਦਇਆਲ ਹੀ ਐਥੇ ਓਥੇ ਰਖਵਾਲਾ ਹੈ —

ਐਥੈ ਓਥੈ ਰਖਵਾਲਾ ॥ ਪ੍ਰਭ ਸਤਿਗੁਰ ਦੀਨ ਦਇਆਲਾ ॥ [ਸੋਰਠ ਮ: ੫, ਪੰਨਾ ੬੨੮

ਐਥੈ ਓਥੈ ਤੋਂ ਭਾਵ ਸਭ ਲੋਕ ਪਰਲੋਕ ਤੋਂ ਹੈ। ਪਰੰਤੂ ਪ੍ਰਭੂ ਸਤਿਗੁਰੂ ਉਸੇ ਉਤੇ ਹੀ ਦਇਆਲ ਹੁੰਦਾ ਹੈ ਜੋ ਦੀਨ ਹੋ ਕੇ ਉਸ ਦੀ ਸਰਨਿ ਆਇਆ ਹੈ ਅਤੇ ਸਰਣ ਆ ਕੇ ਸਿਮਰਨ-ਛਾਂਦਾ ਪਾਇਆ ਹੈ। ਸਿਮਰਨ-ਛਾਂਦਾ ਸਤਿਗੁਰੂ-ਦੁਆਰਿਓਂ ਪਾਇ ਕੇ ਜਿਸ ਨੇ ਇਕ ਨਿਮਖ ਭੀ ਆਹਲਾ ਅਵੇਸਲਾ ਨਹੀਂ ਜਾਣ ਦਿਤਾ, ਉਸ ਦਾ ਹਰਿ-ਦਰਗਹਿ ਮੁਖ ਉਜਲਾ ਥੀਆ ਹੈ। ਉਸ ਦਾ ਸੁਖਾਂ ਵਿਚ ਵਾਸਾ ਹੋਇਆ ਹੈ। ਯਥਾ ਗੁਰਵਾਕ —

ਅਪਨੇ ਕਾਜ ਕਉ ਕਿਉ ਅਲਕਾਈਐ ॥ ਜਿਤੁ ਸਿਮਰਨਿ ਦਰਗਹ ਮੁਖੁ ਊਜਲ, ਸਦਾ ਸਦਾ ਸੁਖੁ ਪਾਈਐ ॥ [ਸੋਰਠ ਮ: ੫, ਪੰਨਾ ੬੨੯

ਜਿਹੜੇ ਗੁਰਮੁਖ ਆਪਣਾ ਕਾਰਜ ਸਾਰ-ਸੰਵਾਰ ਕੇ ਇਸ ਸੰਸਾਰ ਵਿਚੋਂ ਚਲੇ ਹਨ, ਸੇਈ ਦਰਗਹਿ ਅੰਦਰ ਜਾਣੇ ਪਰਵਾਣੇ ਜਾਂਦੇ ਹਨ। ਮਨਮੁਖ ਮੈਲੀਆਂ ਡੂੰਮਣੀਆਂ ਨੂੰ ਦਰਗਹਿ ਅੰਦਰ ਥਾਉਂ ਨਹੀਂ ਮਿਲਦਾ। ਯਥਾ ਗੁਰਵਾਕ—

ਮਨਮੁਖਿ ਮੈਲੀ ਡੂੰਮਣੀ ਭਾਈ, ਦਰਗਹ ਨਾਹੀ ਥਾਉ ॥ [ਸੋਰਠ ਮ: ੩, ਪੰਨਾ ੬੩੯

ਐਥੇ ਜਨਮ ਬਿਰਥਾ ਗਵਾ ਕੇ ਤੇ ਪਾਪ ਕਮਾ ਕੇ ਜੋ ਪਾਪੀ ਐਥੇ ਦਾਗ ਦੋਸ ਮੁਹਿ ਲਾ ਚਲਿਆ ਹੈ, ਉਸ ਨੂੰ ਦਰਗਹਿ ਅੰਦਰ ਬੈਠਣ ਨੂੰ ਜਗ੍ਹਾ ਨਹੀਂ ਮਿਲਦੀ। ਗੁਰਵਾਕ—

ਦਾਗ ਦੋਸ ਮੁਹਿ ਚਲਿਆ ਲਾਇ॥ ਦਰਗਹ ਬੈਸਣ ਨਾਹੀ ਜਾਇ ॥ [ਧਨਾਸਰੀ ਮ: ੧, ਪੰਨਾ ੬੬੨

ਜਿਨ੍ਹਾਂ ਜਨਾਂ ਨੇ ਸਤਿਗੁਰੂ ਨੂੰ ਸੇਵਿਆ ਸਿਮਰਿਆ ਹੈ, ਸੇ ਭਵਜਲ ਤਰ ਗਏ ਹਨ। ਜਿਨ੍ਹਾਂ ਸਾਸਿ ਗਿਰਾਸਿ ਮੁਖੋਂ ਹਰਿ ਹਰਿ ਨਾਮ ਹੀ ਉਚਾਰਨ ਕੀਤਾ ਹੈ, ਤਿਨ੍ਹਾਂ ਨੂੰ ਜਮ ਛਡ ਗਿਆ ਹੈ, ਜੋਹਣੋਂ ਹਟ ਗਿਆ ਹੈ। ਜਿਨ੍ਹਾਂ ਸਾਰੀ ਆਯੂ ਵਾਹਿਗੁਰੂ ਜਾਪ ਜਪਣ ਵਿਚ ਬਤੀਤ ਕਰ ਕੇ ਤੋੜ ਨਿਬਾਹੀ ਹੈ, ਸੇ ਜਨ ਦਰਗਹ ਪੈਧੇ ਜਾਂਦੇ ਹਨ। ਯਥਾ ਗੁਰਵਾਕ—

ਜੋ ਸੇਵਹਿ ਸਤਿ ਮੁਰਾਰਿ, ਸੇ ਭਵਜਲ ਤਰਿ ਗਇਆ ॥ ਜੋ ਬੋਲਹਿ ਹਰਿ ਹਰਿ ਨਾਉ, ਤਿਨ ਜਮੁ ਛਡਿ ਗਇਆ ॥ ਸੇ ਦਰਗਹ ਪੈਧੇ ਜਾਹਿ, ਜਿਨਾ ਹਰਿ ਜਪਿ ਲਇਆ ।

[ਪਉੜੀ ਸੋਰਠ ਕੀ ਵਾਰ, ਪੰਨਾ ੬੪੫

ਸੱਚੇ ਸੇਵਕ ਨੂੰ ਭਾਏ ਹੋਏ ਸੇਵਕ ਹੀ ਪਰਵਾਨ ਹਨ। ਸੇਈ ਸੇਵਕ ਹੀ ਦਰਗਹਿ ਅੰਦਰ ਮਾਣ ਪਾਉਂਦੇ ਹਨ, ਜਿਹੜਾ ਪੜ੍ਹਿਆ ਹੋਇਆ ਨਾਮ ਨੂੰ ਬੁਝਦਾ ਹੈ ਸੋਈ ਪੜ੍ਹਿਆ ਹੋਇਆ ਪਰਵਾਨ ਹੈ। ਤਿਸ ਦੇ ਸੀਸ ਤੇ ਦਰਗਹਿ-ਪਰਵਾਨਗੀ ਦਾ ਨੀਸਾਣ ਲਿਖਿਆ ਜਾਂਦਾ ਹੈ। ਗੁਰਵਾਕ—

ਪੜਿਆ ਬੂਝੈ ਸੋ ਪਰਵਾਣੁ ॥ ਜਿਸੁ ਸਿਰਿ ਦਰਗਹ ਕਾ ਨੀਸਾਣੁ ॥ [ਧਨਾਸਰੀ ਮ: ੧, ਪੰਨਾ ੬੬੨

ਜਿਵੇਂ ਇਸ ਦੁਨੀਆ ਦਾ ਦਰਬਾਰ ਹੈ ਤਿਵੇਂ ਦੀਨ ਧਰਮ ਦਾ ਦਰਬਾਰ ਅਗਲੀ ਦੁਨੀਆ ਵਿਚ ਭੀ ਹੈ। ਜਿਹੜੇ ਨਿੰਦਕ ਨਰ ਅਗਲੀ ਦੁਨੀਆ ਨੂੰ ਨਹੀਂ ਮੰਨਦੇ ਅਤੇ ਦੀਨ ਧਰਮ ਨੂੰ ਨਿੰਦਦੇ ਹਨ, ਤਿਨ੍ਹਾਂ ਨਿੰਦਕਾਂ ਦਾ ਦੋਹੀਂ ਸਰਾਈਂ ਮੁਖ ਕਾਲਾ ਹੁੰਦਾ ਹੈ। ਯਥਾ ਗੁਰਵਾਕ—

ਨਿੰਦਕ ਕਾ ਮੁਖੁ ਕਾਲਾ ਹੋਆ, ਦੀਨ ਦੁਨੀਆ ਕੈ ਦਰਬਾਰਿ ॥ [ਧਨਾਸਰੀ ਮ: ੫, ਪੰਨਾ ੬੭੪

ਜਿਸ ਨੂੰ ਆਪ ਪਿਆਰਾ ਪ੍ਰੀਤਮ ਆਪਣੇ ਲੜਿ ਲਾਇ ਲੈਂਦਾ ਹੈ ਤਿਸ ਨੂੰ ਦਰਗਹਿ ਅੰਦਰ ਜਾਇ ਮਿਲਦੀ ਹੈ। ਸੇਈ ਸਚੇ ਭਗਤ ਹਨ ਜੋ ਸਚੇ ਵਾਹਿਗੁਰੂ ਨੂੰ ਭਾਣੇ ਹਨ। ਜਮ-ਕਾਲ ਤੇ ਜੋ ਨਿਕਾਣੇ ਭਏ ਹੈਂ।

ਜਿਸ ਨੋ ਆਪਿ ਲਏ ਲੜਿ ਲਾਇ ॥ ਦਰਗਹ ਮਿਲੈ ਤਿਸੈ ਹੀ ਜਾਇ ॥ ਸੇਈ ਭਗਤ ਜਿ ਸਾਚੇ ਭਾਣੇ ॥ ਜਮ ਕਾਲ ਤੇ ਭਏ ਨਿਕਾਣੇ ॥

[ਧਨਾਸਰੀ ਮ: ੫, ਪੰਨਾ ੬੭੭

ਸਚੇ ਸਾਹਿਬ ਦਾ ਸਚਾ ਹੀ ਦਰਬਾਰ ਹੈ। ਫੋਕੀਆਂ ਵੀਚਾਰਾਂ ਦੁਆਰਾ ਤਿਸ ਸਾਹਿਬ ਸਚੇ ਦੀ, ਤਿਸ ਦੇ ਸਚੇ ਦਰਬਾਰ ਦੀ ਕੀਮਤ ਕਉਣ ਕਹਿ ਕਥ ਸਕਦਾ ਹੈ, ਪਰ ਦਰਬਾਰ ਸਚਾ ਹੈ ਸਹੀ। ਕੋਈ ਕਹਿ ਕਥ ਸਕੇ ਜਾਂ ਨਾ ਕਹਿ ਕਥ ਸਕੇ। ਮੁਨਕਰ ਹੋਣ ਦੀ ਜਾਇ ਨਹੀਂ।

[ਪੁਸਤਕ 'ਅਣਡਿਠੀ ਦੁਨੀਆ' ਪੰਨਾ ੧੧੧ ਤੋਂ



www.AKJ.Org

# ਅਪਣੀ ਬਿਧਿ ਆਪ ਜਾਣਾਈ

[ ਵਲੋਂ—ਸ: ਰਾਮ ਸਿੰਘ ਜੀ ਢਿਲੋਂ, ਸੁਕਾਡਰਨ ਲੀਡਰ (ਰੀ:), ਅੰਮ੍ਰਿਤਸਰ ]

੧੯੭੨ ਦੇ ਦੀਵਾਲੀ ਦੇ ਸਮੇਂ ਆਗਰੇ ਵਿਖੇ ਰਚੇ ਗਏ ਕੀਰਤਨ ਸਮਾਗਮ ਦੀ ਇਕ ਅਭੁੱਲ ਯਾਦ, ਜੋ ਅਕਸਰ ਮਨ ਵਿਚ ਵੈਰਾਗ ਪੈਦਾ ਕਰਦੀ ਹੈ ਅਤੇ ਮਸਤਕਿ ਲਿਖਿਅੜੇ ਲੇਖ, ਪੂਰਬ ਕਮਾਈ ਅਤੇ ਦਇਆਲੂ ਸਤਿਗੁਰਾਂ ਦੀ ਕਿਰਪਾ ਬਾਰੇ ਹਿਰਦੇ ਅੰਦਰਿ ਤਰਬਾਂ ਛੇੜ ਦੇਂਦੀ ਹੈ, ਇਹ ਯਾਦ ਮੁੜਿ ਮੁੜਿ ਟੁੰਬ ਰਹੀ ਹੈ ਕਿ ਇਸ ਨੂੰ ਸੰਸਾਰ ਭਰ ਦੇ ਗੁਰਸਿਖ ਮਾਤਾ-ਪਿਤਾ, ਵੀਰ-ਭੈਣਾਂ ਅਤੇ ਬੱਚੇ-ਬੱਚੀਆਂ ਦੇ ਦ੍ਰਿਸ਼ਟੀ ਗੋਚਰ ਕੀਤਾ ਜਾਵੇ ਤਾਂ ਜੁ "ਐਸੇ ਗੁਰ ਕਉ ਬਲਿ ਬਲਿ" ਵਾਲੀ ਅਵਸਥਾ ਸਾਡੇ ਆਤਮਾ ਅੰਦਰਿ ਪ੍ਰਵੇਸ਼ ਕਰ ਜਾਏ, ਅਤੇ ਅਸਾਡੇ ਅੰਦਰ ਅੰਮ੍ਰਿਤਧਾਰੀ—ਨਾਮ ਵਣਜਾਰੇ ਗੁਰਸਿਖਾਂ ਦੀ ਚਰਨ ਧੂੜ ਪਰਸਣ ਲਈ, ਉਨ੍ਹਾਂ ਦੇ ਦਰਸ਼ਨ ਕਰਨ ਲਈ, ਉਨ੍ਹਾਂ ਦੀ ਸੇਵਾ ਕਰਨ ਲਈ, ਉਨ੍ਹਾਂ ਵਿਚ ਉੱਠਣ ਬੈਠਣ ਲਈ ਅਤੇ ਉਨ੍ਹਾਂ ਦੇ ਸੰਗ ਹੇਲ-ਮੇਲ ਹੋਣ ਲਈ ਮਨ ਵਿਚ ਤੜਪ ਪੈਦਾ ਹੋਵੇ।

ਕੀਰਤਨ-ਸਮਾਗਮ ਦੀ ਰੈਣ-ਸਬਾਈ ਦੀ ਸ਼ਾਮ ਨੂੰ ਪੰਚ ਪ੍ਰਵਾਨਗੀ ਦੇ ਬਾਅਦ, ਪੰਚਾਂ ਦੇ ਜਥੇਦਾਰ ਸਾਹਿਬ ਨੇ ਦਾਸ ਨੂੰ ਕਿਹਾ ਕਿ ਬਾਹਰ ਜਾ ਕੇ ਦੇਖੋ ਕਿ ਕਿਤਨੇ ਕੁ ਅੰਮ੍ਰਿਤ ਅਭਿਲਾਸ਼ੀ ਪ੍ਰਾਣੀ ਆਏ ਹਨ। ਦਾਸ ਜਥੇਦਾਰ ਸਾਹਿਬ ਦੀ ਆਗਿਆ ਪਾ ਕੇ ਬਾਹਰ ਆਇਆ ਅਤੇ ਪੁੱਛ-ਗਿਛ ਕਰਨ ਤੋਂ ਪਤਾ ਲਗਾ ਕਿ ਪੰਜ-ਛੇ ਪ੍ਰਾਣੀ ਇਸ ਅਮੋਲਕ ਦਾਤ ਨੂੰ ਪ੍ਰਾਪਤ ਕਰਨ ਲਈ ਬੈਠੇ ਹੋਏ ਹਨ। ਇਨ੍ਹਾਂ ਤੋਂ ਕੁਝ ਕੁ ਦੂਰੀ ਤੇ ਅਡਰੇ ਜਿਹੇ ਕਰਕੇ ਇਕ ਹਿੰਦੂ ਪਰਵਾਰ ਪੂਰਬੀ ਭਈਏ (ਪਤੀ, ਪਤਨੀ ਅਤੇ ਤਿੰਨ ਬੱਚੇ) ਅਤਿ ਗਰੀਬੀ-ਦਰਸਾਊ-ਪੁਸ਼ਾਕੇ ਵਿਚ ਬੈਠੇ ਹੋਏ ਸਨ। ਦਾਸ ਦੀ ਉਨ੍ਹਾਂ ਨਾਲ ਇਸ ਪ੍ਰਕਾਰ ਗੱਲ-ਬਾਤ ਹੋਈ।

ਦਾਸ—ਆਪ ਯਹਾਂ ਕਿਆ ਕਰ ਰਹੇ ਹੈਂ ?

ਦੰਪਤੀ—ਬਾਬੂ ਜੀ, ਅੰਮ੍ਰਿਤ ਲੇਨਾ।

ਦਾਸ—(ਬੜਾ ਹੈਰਾਨ ਹੋ ਕੇ) ਕਿਆ ਕਹਾ ?

ਦੰਪਤੀ—ਬਾਬੂ ਜੀ, ਅੰਮ੍ਰਿਤ ਲੇਨਾ। ਹਮ ਇਸ਼ਨਾਨ ਕਰ ਕੇ ਆਏ ਹੈਂ। ਸਭੀ ਨੇ ਇਸ਼ਨਾਨ ਕੀਆ ਹੈ, ਬੱਚੋਂ ਨੇ ਭੀ ਕੀਆ ਹੈ।

ਦਾਸ—ਆਪ ਨੇ ਕਿਆ ਕੱਛਾ ਪਹਿਰਾ ਹੈ ?

ਦੰਪਤੀ—ਨਹੀਂ ਬਾਬੂ ਜੀ।

ਦਾਸ—ਕਿਰਪਾਨ, ਕੰਘਾ, ਕੜਾ, ਕੋਈ ਆਪ ਕੇ ਪਾਸ ਹੈ ?

ਦੰਪਤੀ—ਨਹੀਂ ਬਾਬੂ ਜੀ।

ਕੇਸਕੀ ਤਾਂ ਦਾਸ ਨੂੰ ਨਜ਼ਰ ਹੀ ਆ ਰਹੀ ਸੀ ਕਿ ਉਨ੍ਹਾਂ ਪਾਸ ਨਹੀਂ ਸੀ। ਉਪ੍ਰੰਤ ਦਾਸ ਨੇ ਮਾਸ, ਸ਼ਰਾਬ ਅਤੇ ਤੰਬਾਕੂ ਦੀ ਮਨਾਹੀ ਬਾਰੇ ਉਨ੍ਹਾਂ ਨੂੰ ਸੰਬੋਧਨ ਕੀਤਾ। ਉਹ ਅੰਮ੍ਰਿਤ ਛਕਣ ਲਈ ਸਭ ਕੁਝ ਕਰਨ ਨੂੰ ਪੁਖ਼ਤਾ-ਇਰਾਦਾ ਕਰੀ ਬੈਠੇ ਸਨ।

ਤਾਂ ਦਾਸ ਨੇ ਵਾਪਸ ਅੰਦਰ ਆ ਕੇ ਇਹ ਸਾਰੀ ਰਪੋਰਟ ਜਥੇਦਾਰ ਸਾਹਿਬ ਨੂੰ ਦਿੱਤੀ। ਜਥੇਦਾਰ ਸਾਹਿਬ ਹੱਸ ਪਏ ਅਤੇ ਬਹੁਤ ਖ਼ੁਸ਼ ਹੋਏ ਅਤੇ ਇਸ ਹਿੰਦੂ ਪ੍ਰਵਾਰ ਨੂੰ ਪੰਚ ਕਕਾਰੀ ਰਹਿਤ ਸਜਾ ਕੇ ਪੰਚਾਂ ਦੇ ਪੇਸ਼ ਹੋਣ ਦੀ ਇਜਾਜ਼ਤ ਦੇ ਦਿਤੀ। ਦਾਸ ਨੇ ਆਗਰਾ ਨਿਵਾਸੀ ਇਕ ਸਿੰਘ ਪਾਸ ਬੇਨਤੀ ਕੀਤੀ ਕਿ ਉਸ ਸਮੁੱਚੇ ਪ੍ਰਵਾਰ ਵਾਸਤੇ ਕਕਾਰਾਂ ਦਾ ਬੰਦੋਬਸਤ ਕਰੇ, ਅਤੇ ਬੀਬੀ ਵਾਸਤੇ (ਜੋ ਕਿ ਕੇਵਲ ਧੋਤੀ ਪਹਿਰਾਵੇ ਵਿਚ ਸੀ) ਸਲਵਾਰ, ਕਮੀਜ਼ ਅਤੇ ਦੁਪੱਟੇ ਦਾ ਭੀ ਬੰਦੋਬਸਤ ਕਰੇ। ਇਸ ਗੁਰ ਕੇ ਲਾਲ ਨੇ ਫ਼ੌਰਨ ਹੀ ਫੌਜੀ-ਫੁਰਤੀ ਨਾਲ ਇਸ ਪ੍ਰਵਾਰ ਲਈ ਸਭ ਯੋਗ ਬੰਦੋਬਸਤ ਕਰ ਦਿੱਤਾ।

ਪੇਸ਼ੀਆਂ ਸ਼ੁਰੂ ਹੋ ਗਈਆਂ। ਪੰਚਾਂ ਨੇ ਇਸ ਪ੍ਰਵਾਰ ਨੂੰ ਅੰਮ੍ਰਿਤ-ਅਧਿਕਾਰੀ ਹੋਣ ਦੀ ਪ੍ਰਵਾਨਗੀ ਦੇ ਦਿੱਤੀ। ਪੇਸ਼ੀਆਂ ਤੋਂ ਉਪ੍ਰੰਤ ਸਾਰੇ ਅੰਮ੍ਰਿਤ-ਅਧਿਕਾਰੀ ਅੰਦਰ ਬੁਲਾਏ ਗਏ। ਅੰਮ੍ਰਿਤ ਦਾ ਬਾਟਾ ਤਿਆਰ ਹੋ ਗਿਆ। ਅੰਮ੍ਰਿਤ ਅਭਿਲਾਖੀ ਯਕੇ ਬਾਅਦ ਦੀਗਰੇ ਜਹਾਜ਼ੇ ਚੜ੍ਹਦੇ ਗਏ ਅਤੇ ਨਾਮ ਦੀ ਗੁੰਜਾਰ ਅੰਮ੍ਰਿਤ ਹਾਲ ਵਿਚ ਪੈਰੋ ਪੈਰ ਵਧਦੀ ਗਈ। ਸਭ ਤੋਂ ਅਖ਼ੀਰ ਵਿਚ ਇਸ ਪ੍ਰਵਾਰ ਦੀ ਵਾਰੀ ਆਈ। ਇਨ੍ਹਾਂ ਵਿਚੋਂ ਪਹਿਲੋਂ ਸਿੰਘ ਦੀ ਵਾਰੀ ਆਈ। ਇਹ ਅਭਿਲਾਖੀ ਜਨ ਬੀਰ-ਆਸਣ ਹੋ ਕੇ



www.AKJ.Org

ਬੈਠ ਗਿਆ। ਇਸ ਨਾਲ ਪੰਚਾਂ ਦੇ ਇਸ ਪ੍ਰਕਾਰ ਬਚਨ ਹੋਏ –

ਪੰਚ–(ਅੰਮ੍ਰਿਤ ਦੇ ਚੁਲੇ ਦੇ ਬਾਅਦ) ਬੋਲ, ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹ।

ਅਧਿਕਾਰੀ–(ਚੁਪ)।

ਪੰਚ–ਬੋਲ, ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹ।

ਅਧਿਕਾਰੀ–(ਚੁਪ)।

ਪੰਚ–(ਇਹ ਸਮਝ ਕੇ ਕਿ, ਇਸਨੇ ਤਾਂ ਕਦੇ ਫ਼ਤਹ ਸੁਣੀ ਹੀ ਨਹੀਂ) ਜੈਸੇ ਹਮ ਕਹਿਤੇ ਹੈਂ, ਆਪ ਹਮਾਰੇ ਪੀਛੇ ਐਸੇ ਹੀ ਕਹੋ।

ਅਧਿਕਾਰੀ–ਅੱਛਾ ਜੀ।

ਪੰਚ–ਬੋਲੋ ਵਾਹਿਗੁਰੂ

ਅਧਿਕਾਰੀ–ਵਾਹਿਗੁਰੂ

ਪੰਚ–ਜੀ ਕਾ

ਅਧਿਕਾਰੀ–ਜੀ ਕਾ

ਪੰਚ–ਖ਼ਾਲਸਾ

ਅਧਿਕਾਰੀ–ਖ਼ਾਨਸਾ

ਪੰਚ–ਖ਼ਾਨਸਾ ਨਹੀਂ ਖ਼ਾਲਸਾ

ਅਧਿਕਾਰੀ–ਫ਼ਾਲਸਾ

ਪੰਚ–ਫ਼ਾਲਸਾ ਨਹੀਂ, ਬੋਲੋ 'ਖ਼ਾ'

ਅਧਿਕਾਰੀ–'ਖ਼ਾ'

ਪੰਚ–'ਲ'

ਅਧਿਕਾਰੀ–'ਲ'

ਪੰਚ–'ਸਾ'

ਅਧਿਕਾਰੀ–'ਸਾ'

ਪੰਚ–ਵਾਹਿਗੁਰੂ

ਅਧਿਕਾਰੀ–ਵਾਹਿਗੁਰੂ

ਪੰਚ–ਜੀ ਕੀ

ਅਧਿਕਾਰੀ–ਜੀ ਕੀ

ਪੰਚ–ਫਤਹ।

ਅਧਿਕਾਤੀ–ਫਤਹ।

ਇਸ ਪ੍ਰਕਾਰ ਇਸ ਸਿੰਘ ਨੂੰ ਜਹਾਜ਼ੇ ਚੜ੍ਹਾਇਆ ਗਿਆ। ਇਸ ਦੇ ਨਾਮ ਅਭਿਆਸ ਨੇ ਵੀ ਸਰਲਤਾ ਦੀ ਰੌ ਪਕੜਨ ਵਿਚ ਵਾਹਵਾ ਦੇਰ ਲਾਈ। ਫਿਰ ਇਸ ਦੇ ਵੱਡੇ ਬੱਚੇ ਦੀ ਵਾਰੀ ਆਈ, ਜਿਸ ਦੀ ਆਯੂ ਕੋਈ ਦਸ ਕੁ ਵਰ੍ਹੇ ਸੀ। ਉਸ ਨਾਲ ਭੀ ਬਾਪ ਦੀ ਤਰ੍ਹਾਂ ਹੀ ਬੀਤੀ। ਫਿਰ ਆਈ ਬੀਬੀ ਦੀ ਵਾਰੀ। ਇਸ ਨਾਲ ਭੀ 'ਖ਼ਾਲਸਾ' ਪਦ ਨੂੰ ਪਦ-ਛੇਦ ਕਰ ਕੇ ਜੁਗਤ ਪੂਰੀ ਕੀਤੀ। ਜਦ ਇਸ ਬੀਬੀ ਨੇ ਅੰਮ੍ਰਿਤ ਛਕ ਲਿਆ ਤਾਂ ਪੰਚਾਂ ਨੇ (ਜੱਥੇਦਾਰ ਸਾਹਿਬ ਦੀ ਰਾਹੀਂ, ਸਭ ਅਧਿਕਾਰੀਆਂ ਦੀ ਤਰ੍ਹਾਂ) ਇਸ ਬੀਬੀ ਨੂੰ ਕਿਹਾ, "ਅੰਮ੍ਰਿਤ ਛਕ ਲਿਆ ਹੈ। ਅਬ ਪੰਜ ਪਿਆਰੇ ਆਪ ਕੋ ਗੁਰ ਮੰਤ੍ਰ ਨਾਮ ਦੇਂਗੇ। ਆਪ ਨੇ ਹਮਾਰੇ ਸਾਥ ਮਿਲ ਕਰ ਇਸ ਕਾ ਜਾਪ ਕਰਨਾ।" ਇਹ ਕਹਿ ਕੇ ਪੰਚਾਂ ਨੇ ਬੀਬੀ ਦੇ ਸੀਸ ਉੱਤੇ ਆਪਣੇ ਹੱਥ ਧਰ ਕੇ '**ਸਵਾਸ ਅਭਿਆਸੀ ਨਾਮ**' ਦਾ ਪਹਿਲਾ ਫੁੱਰਾਟਾ ਛਡਿਆ। ਦੂਸਰੇ ਫੁੱਰਾਟੇ ਦੇ ਨਾਲ ਇਹ ਬੀਬੀ (ਜਿਸ ਨੇ ਨਾ ਕਦੇ ਫ਼ਤਹ ਸੁਣੀ ਸੀ ਅਤੇ ਨਾ ਹੀ ਉਸ ਨੂੰ ਨਾਮ ਦਾ ਕੋਈ ਥਹੁ ਸੀ) ਇਸ ਤਰ੍ਹਾਂ ਅਭਿਆਸ ਵਿਚ ਜੁੱਟ ਗਈ ਜਿਵੇਂ ਕਿ ਕਈਆਂ ਸਾਲਾਂ ਤੋਂ ਨਾਮ-ਅਭਿਆਸਣ ਹੁੰਦੀ ਹੈ। ਐਸਾ ਸਪੱਸ਼ਟ, ਸਰਲ ਅਤੇ ਸਭ ਤੋਂ ਉੱਚਾ ਇਸ ਦਾ ਨਾਮ-ਅਭਿਆਸ ਚਲੇ ਕਿ ਸਾਰੇ ਦੇਖਣ ਵਾਲਿਆਂ ਦੇ ਮੁਸਕਰਾਹਟ ਭਰੇ ਚਿਹਰਿਆਂ ਦੀ ਟਿਕਟਿਕੀ ਇਸ ਬੀਬੀ ਵਲ ਲਗ ਗਈ। ਇਸ ਬੀਬੀ ਦਾ ਸਰੀਰ ਆਕੜ ਗਿਆ, ਡੰਡਵਤ ਹੋ ਗਈ। ਨਾਮ-ਅਭਿਆਸੀ ਹੁਲਾਰੇ ਨਾਲ ਇਸ ਦਾ ਸੀਸ ਜ਼ਮੀਨ ਤੇ ਵੱਜਣੋਂ ਪੰਚਾਂ ਨੇ ਡਾਢੀ ਕੋਸ਼ਸ਼ ਨਾਲ ਥੰਮ੍ਹ ਕੇ ਰਖਿਆ ਹੋਇਆ ਸੀ। ਇਹ ਬੀਬੀ ਤਾਂ ਸੰਭਲ ਨਾ ਹੋਵੇ। ਜੱਥੇਦਾਰ ਸਾਹਿਬ ਨੇ ਪਾਸ ਬੈਠੀਆਂ ਹੋਰ ਬੀਬੀਆਂ ਨੂੰ ਇਸ਼ਾਰਾ ਕਰ ਕੇ ਉਨ੍ਹਾਂ ਨੂੰ ਇਸ ਬੀਬੀ ਨੂੰ ਸੰਭਾਲਣ ਲਈ ਕਿਹਾ ਅਤੇ ਉਸ ਨੂੰ ਉਨ੍ਹਾਂ ਦੇ ਸਪੁਰਦ ਕੀਤਾ। ਬੜੀ ਖ਼ਾਸੀ ਦੇਰ ਤੱਕ ਇਸ ਦੀ ਇਹੋ ਹਾਲਤ ਰਹੀ। ਜਦ ਹੋਸ਼ ਸੰਭਲੀ (ਨਾਮ-ਅਭਿਆਸੀ ਖੰਡਾ ਤਾਂ ਬਦਸਤੂਰ ਜਾਰੀ ਹੀ ਸੀ) ਇਸ ਦੇ ਚਿਹਰੇ ਦਾ ਗੁਰੂ-ਬਖ਼ਸ਼ਿਆ ਜਲਾਲ ਜੋ ਕਿ ਦੇਖਣ ਵਾਲਿਆਂ ਵਿਚ ਵੈਰਾਗ ਪੈਦਾ ਕਰ ਰਿਹਾ ਸੀ, ਦੇਖਣ ਵਾਲਾ ਸੀ। ਖ਼ੂਬ ਚੌਂਕੜਾ ਸਜਾ ਕੇ ਨਾਮ ਵਿਚ ਜੁਟੀ ਹੋਈ ਸੀ। ਇਸ ਦੀ ਸਭ ਤੋਂ ਛੋਟੀ ਦੋ ਕੁ ਸਾਲ ਦੀ ਬੱਚੀ ਦਾ ਅਭਿਆਸ ਵੀ ਆਪਣੀ ਮਾਂ ਦੀ ਤਰ੍ਹਾਂ ਹੀ ਚੱਲ



www.AKJ.Org

ਰਿਹਾ ਸੀ।

ਉਪ੍ਰੰਤ ਇਨ੍ਹਾਂ ਦੀਆਂ ਲਾਵਾਂ ਪੜ੍ਹੀਆਂ ਗਈਆਂ ਅਤੇ ਗੁਰਮਤਿ ਅਨੁਸਾਰ ਇਨ੍ਹਾਂ ਦੇ ਨਾਮ ਰਖੇ ਗਏ।

* * * *

ਪੂਰਬ ਕਰਮ ਅੰਕੁਰ ਜਬ ਪ੍ਰਗਟੇ, ਭੇਟਿਓ ਪੁਰਖੁ
ਰਸਿਕ ਬੈਰਾਗੀ ॥ ਮਿਟਿਓ ਅੰਧੇਰੁ ਮਿਲਤ ਹਰਿ
ਨਾਨਕ, ਜਨਮ ਜਨਮ ਕੀ ਸੋਈ ਜਾਗੀ ॥
[ਗਉੜੀ ਪੂਰਬੀ ਮ ੫, ਪੰਨਾ ੨੦੪

ਕਰਤਾ ਪੁਰਖ ਦੀ ਲੀਲ੍ਹਾ ਅਪਰ-ਅਪਾਰ ਹੈ ਅਤੇ ਉਸ ਦੀ ਅਮਿਤ ਵਡਿਆਈ ਕਹਿਣ ਕਥਨ ਤੋਂ ਬਾਹਰ ਹੈ। ਸਾਡੀ ਅਲਪਗ ਬੁਧੀ ਉਸ ਦੀਆਂ ਮਿਹਰੰਮਤਾਂ ਦਾ ਪਾਰਾਵਾਰ ਨਹੀਂ ਪਾ ਸਕਦੀ। ਜੀਅ-ਜੰਤਾਂ ਨੂੰ ਬਹੁ-ਭਾਂਤੀ ਠਗੌਰੀਆਂ ਪਾ ਕੇ ਕਰਮਾਂ ਕੁਕਰਮਾਂ ਵਿਚ ਫਸਾ ਕੇ, ਫਿਰ ਆਪ ਹੀ ਉਨ੍ਹਾਂ ਨੂੰ ਬੰਧਨ-ਮੁਕਤ ਕਰਾਉਣ ਦੀ ਵਿਉਂਤ ਸਾਜਦਾ ਹੈ। ਸਜਣ ਠਗ, ਕੌਡੇ ਰਾਕਸ਼, ਬਿਧੀ ਚੰਦ ਧਾੜਵੀ ਵਰਗਿਆਂ ਦੀ ਠੱਗੀ, ਰਾਕਸ਼-ਬੁਧੀ ਤੇ ਧਾੜਵੀ-ਪੁਣਾ ਛੁਡਾਉਣ ਦਾ ਆਪ ਹੀ ਬਾਨ੍ਹਣੂ ਬੰਨ੍ਹਦਾ ਹੈ।

ਜੀਵਾਂ ਦੇ ਕਮਾਏ ਹੋਏ ਪੂਰਬਲੇ ਕਰਮਾਂ ਦੇ ਲੇਖਾਂ ਅਨੁਸਾਰ ਉਹ ਸੱਚਾ ਮੁਨਸਫ਼ ਸਭ ਜੀਵਾਂ ਨੂੰ ਉਨ੍ਹਾਂ ਦੇ ਕੀਤੇ ਕਰਮਾਂ ਦੇ ਲੇਖੇ ਭੁਗਤਾਉਂਦਾ ਹੈ। ਇਨ੍ਹਾਂ ਲੇਖਿਆਂ ਦੇ ਚੱਕਰ ਵਿਚ ਹੀ ਉਪਰੋਕਤ ਪਰਵਾਰ ਨੇ ਕਿਧਰੇ ਪੂਰਬ ਵਿਚ ਕਿਸੇ ਗ਼ਰੀਬ ਘਰਾਣੇ ਵਿਚ ਜਨਮ ਲਿਆ ਹੋਣਾ ਹੈ ਅਤੇ ਕਰਮਾਂ ਦੇ ਲੇਖੇ ਭੋਗਦੇ, ਮਿਹਨਤ ਮਜ਼ੂਰੀ ਕਰਦੇ, ਅਤਿ ਗ਼ਰੀਬੀ ਵਿਚ ਦਿਨ-ਕਟੀ ਕਰਦੇ, ਕਰਤੇ ਪੁਰਖ ਦੀ ਬਿਧਨਾ ਅਨੁਸਾਰ ਆਗਰੇ ਵਿਖੇ ਹੋਏ ਸਮਾਗਮ ਵਿਖੇ ਲੰਗਰ ਦੇ ਪਰਸ਼ਾਦੇ ਛਕਦਿਆਂ ਕਿਤੇ ਉਨ੍ਹਾਂ ਸੁਣਿਆ ਹੋਵੇਗਾ ਕਿ ਇਥੇ ਅੰਮ੍ਰਿਤ ਵੀ ਮਿਲਦਾ ਹੈ। ਇਸ਼ਨਾਨ ਕਰ ਕੇ ਤਿਆਰ ਹੋ ਕੇ ਆਓ। ਉਨ੍ਹਾਂ ਦਾ ਅੰਕੂਰ ਜਾਗਣਾ ਸੀ, ਸੋ ਬਿਧ ਬਣ ਗਈ। ਭੋਲੇ-ਭਾ ਉਹ ਆਪਣੀ ਮਤਿ ਅਨੁਸਾਰ ਇਸ਼ਨਾਨ ਕਰ ਕੇ ਅੰਮ੍ਰਿਤ-ਅਭਿਲਾਖੀਆਂ ਤੋਂ ਜ਼ਰਾ ਹਟਵੇਂ ਜਾ ਬੈਠੇ। ਮਨ ਵਿਚ ਇਹ ਲਾਲਸਾ ਸੀ ਕਿ ਹਮ ਭੀ ਅੰਮ੍ਰਿਤ ਲੇਂਗੇ। ਉਹ ਕੀ ਜਾਣਦੇ ਸਨ ਕਿ ਅੰਮ੍ਰਿਤ ਕੀ ਹੁੰਦਾ ਹੈ ਤੇ ਕਿਵੇਂ ਮਿਲਦਾ ਹੈ। ਉਨਾਂ ਦੇ ਭਾਅ ਦਾ ਤਾਂ ਲੰਗਰ ਵਾਂਗ ਹੀ ਭੰਡਾਰਾ ਵਰਤੀਂਦਾ ਹੋਵੇਗਾ, ਪਰ ਖਿਲਾਵਨਹਾਰੇ ਦੇ ਚੋਜ ਨਿਰਾਲੇ ਹਨ। ਉਹ ਇਨ੍ਹਾਂ ਦੇ ਮਨਾਂ ਵਿਚ ਬੈਠ ਕੇ ਇਹ ਸਾਰੀਆਂ ਬਿਧਾਂ ਆਪ ਜੋੜ ਰਿਹਾ ਸੀ —

ਕਾਠ ਕੀ ਪੁਤਰੀ ਕਹਾ ਕਰੈ ਬਪੁਰੀ, ਖਿਲਾਵਨਹਾਰੋ
ਜਾਨੈ ॥ ਜੈਸਾ ਭੇਖੁ ਕਰਾਵੈ ਬਾਜੀਗਰੁ, ਓਹੁ ਤੈਸੋ
ਹੀ ਸਾਜ ਆਨੈ ॥ (ਪੰਨਾ ੨੦੬)

ਬਾਜੀਗਰ ਨੇ ਐਸੀ ਕਲਾ ਮਰੋੜੀ ਤੇ ਉਨ੍ਹਾਂ ਦੇ ਮੁਖੋਂ ਅਜਿਹਾ ਅਖਵਾਇਆ ਕਿ ਉਹ ਆਪਣੇ ਭੋਲੇ-ਭਾ ਵਿਚ ਹੁੰਦੇ ਹੋਏ ਸਾਹਿਬ ਦੇ ਦਰ ਕਬੂਲੇ ਗਏ। ਸਾਹਿਬ ਦੇ ਦਰੋਂ ਅੰਮ੍ਰਿਤ-ਛਾਂਦੇ ਛਕ ਕੇ ਨਾਮ ਦੀ ਗੁੜ੍ਹਤੀ ਮਿਲਣ-ਸਾਰ ਹੀ ਪਰਵਾਰ ਤੇ ਐਸੀ ਨਦਰ-ਮਿਹਰ ਹੋਈ ਜੋ ਵਿਰਲਿਆਂ ਤੇ ਹੀ ਹੁੰਦੀ ਹੈ। ਉਨ੍ਹਾਂ ਦੀ ਜਨਮਾਂ-ਜਨਮਾਂਤਰਾਂ ਦੀ ਸੁਤੀ ਹੋਈ ਕਲਾ ਜਾਗ ਪਈ ਅਤੇ ਨਾਮ ਦੀ ਪਿਆਸੀ ਰੂਹ, ਨਾਮ ਦਾ ਕਿਣਕਾ ਮਿਲਦਿਆਂ ਹੀ ਨਾਮ ਵਿਚ ਗੜੂੰਦ ਹੋ ਗਈ। ਇਹ ਸਭ ਪੂਰਬਲੇ ਕਰਮਾਂ ਦੀ ਹੀ ਖੇਡ ਹੈ। ਜਾਂ ਇਉਂ ਕਹੋ ਕਿ—

ਦਾਤੇ ਦਾਤਿ ਰਖੀ ਹਥਿ ਅਪਣੈ,
ਜਿਸੁ ਭਾਵੈ ਤਿਸੁ ਦੇਈ ॥

ਇਥੇ ਸਿਆਣਪਾਂ ਚਤਰਾਈਆਂ ਤੇ ਵਡੀਆਂ ਅਕਲਾਂ ਦੀ ਕੋਈ ਜਾਅ ਨਹੀਂ, ਤੇ ਨਾ ਹੀ ਕੁਝ ਬਣਨ ਠਣਨ ਦੀ ਕੁਝ ਵਟੀਦੀ ਹੈ —

ਜੋਈ ਪ੍ਰਭੁ ਭਾਵੈ ਤਾਹਿ ਰੀਝ ਕੈ ਰੀਝਾਵੈ ਆਪਾ,
ਕਾਛਿ ਕਾਛਿ ਆਵੈ ਤਾਹਿ ਪਗ ਨ ਲਗਾਵਈ ॥
ਜੋਈ ਪ੍ਰਭੁ ਭਾਵੈ ਤਾਹਿ ਸਬੈ ਬਨਿ ਆਵੈ,
ਤਾ ਕੀ ਮਹਿਮਾ ਅਪਾਰ, ਨ ਕਹਤ ਬਨਿ ਆਵਈ ॥
੫੯੪॥ [ਕਬਿਤ ਭਾ: ਗੁਰਦਾਸ ਜੀ

[ਸੂਰਾ ਪਰਵਾਰ]

●



www.AKJ.Org

# ਵੈਰ ਤੇ ਵਿਰੋਧ ਕਿਉਂ ?

[ ਭਾਈ ਸਾਹਿਬ ਭਾਈ ਵੀਰ ਸਿੰਘ ਜੀ ]

ਇਹ ਲੇਖ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਲਿਖਤ ਉਸ ਲੇਖ ਦਾ ਕੁਝ ਹਿੱਸਾ ਹੈ ਜੋ ਉਹਨਾਂ ਨੇ ਚਲਾਣਾ ਕਰਨ ਤੋਂ ਕਈ ਸਾਲ ਪਹਿਲਾਂ ਲਿਖਿਆ ਸੀ । ਇਸ ਵਿਚ ਦਰਸਾਈ ਸਚਾਈ ਅੱਜ ਦੇ ਸਮੇਂ ਤੇ ਪੂਰੀ ਢੁਕਦੀ ਹੈ ।

ਅਸੀਂ ਗੁਰੂ ਗਰੰਥ ਸਾਹਿਬ ਜੀ ਵਰਗੀ ਪਿਆਰ, ਵੈਰਾਗ ਤੇ ਪਰਮੇਸ਼ਰ-ਮੇਲਣੀ ਬਾਣੀ ਦੇ ਉਪਾਸ਼ਕ ਹਾਂ, ਕੀਰਤਨ ਸੁਣਦੇ ਹਾਂ, ਨਿਤਨੇਮ ਕਰਦੇ ਹਾਂ,ਫੇਰ ਸਾਡੇ ਵਿਚ ਵੈਰ-ਵਿਰੋਧ ਕਿਉਂ ਆ ਜਾਂਦਾ ਹੈ ?

ਗੁਰੂ ਜਾਣੇ ਕਿਵੇਂ ਹੈ, ਪੰਜਾਬ ਵਿਚ ਤੇ ਬਾਹਰ ਕਈ ਜਗ੍ਹਾ ਜੋ ਨਜ਼ਰੇ ਪਿਆ ਹੈ, ਇਨ੍ਹਾਂ ਦਾ ਕਾਰਨ ਇਕ ਮੁੱਢਲੀ ਭੁੱਲ ਹੈ, ਅਰਥਾਤ ਇਸ ਦਾ ਮੂਲ ਕਾਰਨ ਗੁਰੂ ਪਰਮੇਸ਼ਰ ਤੋਂ ਵਿਛੋੜਾ ਹੈ । ਸਿਖ ਦਾ ਮਤਲਬ ਹੈ ਕਿ ਇਹ ਕਿਸੇ ਗੁਰੂ ਦਾ ਸਿਖਾਂਦਰੂ ਹੈ । ਪਰ ਸਿਖ ਅੰਮ੍ਰਿਤ ਵੇਲੇ ਨਹੀਂ ਉਠਦਾ, ਗੁਰੂ ਦੀ ਟੇਕ ਨਹੀਂ ਲੈਂਦਾ, ਪਰਮੇਸ਼ਰ ਦੀ ਸਿਫਤ ਸਲਾਹ ਨਹੀਂ ਕਰਦਾ, ਉਸਦੇ ਨਾਮ ਦਾ ਆਸਰਾ ਲੈ ਕੇ ਉਸ ਵਿਚ ਮਨ ਨੂੰ ਜੋੜਦਾ ਨਹੀਂ, ਜੇ ਇਹ ਕਰਮ ਕਰੇ ਤਾਂ ਮਨ ਨਿਰਮਲ ਹੋਵੇ, ਦਵੈਖ ਹਟੇ ਤੇ ਪਿਆਰ ਉਪਜੇ, ਸਹਾਰਾ ਤੇ ਖਿਮਾ ਤਰੱਕੀ ਕਰੇ । ਐਸੇ ਸਿਖਾਂ ਵਿਚ ਪਰੇਮ ਵਰਤਾਉ ਦਿਸ ਆਵੇਗਾ । ਪਰ ਬਾਣੀ ਨਾਲ ਨੇਹੁ ਤੋੜਨ ਕਰਕੇ ਸਿਖਾਂ ਦੇ ਮਨਾਂ ਵਿਚ ਪਿਆਰ ਤੇ ਸਹਾਰੇ ਦੀ ਕਮੀ ਹੋ ਗਈ ਹੈ । ਨਾਮ ਦਾਨ ਤੋਂ ਅਗਲੇ ਦਰਜੇ ਦਾਨ ਹੈ ਜਿਸ ਨੂੰ ਤੁਸੀਂ ਸ਼ਾਇਦ 'ਚੈਰਿਟੀ' ਆਖਦੇ ਹੋ । ਦਾਨ ਅਤੀ ਉੱਤਮ ਹੈ ਪਰ ਦਾਨ ਕਰੀਦਾ ਦੋ ਨੀਯਤਾਂ ਨਾਲ ਹੈ, ਸੋ ਫਲ ਨੀਯਤਾਂ ਅਨੁਸਾਰ ਲਗਦਾ ਹੈ । ਅਸਲ ਦਾਨ ਤਾਂ ਹਿਰਦੇ ਵਿਚ ਦਾਨ-ਬ੍ਰਿਤੀ ਦਾ ਹੋਣਾ ਹੈ । ਜਿਥੇ ਇਹ ਬ੍ਰਿਤੀ ਹੋਵੇ ਓਥੇ ਜੇ ਅਮਲ ਵਿਚ ਆਵੇ ਤਾਂ ਇਹ ਦਾਨ ਦਾ ਵਰਤਾਉ ਕਹੀਦਾ ਹੈ । ਸੋ ਇਕ ਤਾਂ ਦਾਨੀ ਉਹ ਹੈ ਜੋ ਦੂਸਰੇ ਦੀ ਪੀੜਾ ਨੂੰ ਆਪਣੀ ਸਮਝ ਕੇ ਉਸਦੀ ਪੀੜਾ ਦੂਰ ਕਰਨ ਲਈ ਵਾਹਿਗੁਰੂ ਨਮਿਤ ਦਾਨ ਕਰਦਾ ਹੈ । ਦੂਸਰਾ ਇਸ ਲਈ ਦਾਨ ਕਰਦਾ ਹੈ ਕਿ ਉਸਦੀ ਨੇਕੀ ਹੋਵੇ ਤੇ ਲੋਕੀ ਯਸ਼ ਕਰਨ ਆਦਿ । ਸੋ ਪਹਿਲੇ ਦਾ ਤਾਂ ਦਿਲ ਨਾਲ ਹੋਰ ਨਿਰਮਲ ਹੁੰਦਾ ਜਾਏਗਾ ਅਤੇ ਪਿਆਰ ਦਾ ਸੁਭਾਵ ਵਧਦਾ ਜਾਏਗਾ ਤੇ ਖਿਮਾ ਵਧੇਗੀ । ਫਲ ਉਸਨੂੰ ਪ੍ਰਦਾਤਾ ਦੇਵੇਗਾ—ਮਨ ਦਾ ਸੁਖ । ਦੂਸਰੇ ਦਾ ਜਗਤ ਵਿਚ ਨਾਮਣਾ ਹੋਵੇਗਾ । ਪਹਿਲੇ ਨੂੰ ਆਪਣੇ ਮਨ ਦਾ ਸੁਖ ਮਿਲਿਆ । ਉਸ ਦੇ ਮਨ ਨੂੰ ਮਾਣ ਮਿਲਿਆ ਹੈ ਤੇ ਅਗੋਂ ਮਾਣ ਦੀ ਭੁੱਖ ਵਧੀ ਹੈ । ਆਪਣੇ ਤੋਂ ਵਧੇਰਾ ਮਾਣ ਕਿਸੇ ਦਾ ਹੁੰਦਾ ਦੇਖ ਕੇ ਉਸਨੂੰ ਈਰਖਾ ਹੋਵੇਗੀ । ਉਸ ਦੀ ਬ੍ਰਿਤੀ ਦਾਨਮਈ ਨਹੀਂ ਬਣੇਗੀ । ਸਿੰਘ ਜੀ ! ਜ਼ਰਾ ਡੂੰਘੀ ਵਿਚਾਰ ਕਰਨੀ—ਉਸਦੀ ਬ੍ਰਿਤੀ ਆਪਣੇ ਨਾਮਾਣੇ, ਆਪਣੀ ਮਹਿਮਾ, ਦੀ ਭੁੱਖ ਨਾਲ ਮੰਗਤ ਭਾਵ ਵਾਲੀ ਹੋ ਜਾਏਗੀ । ਈਰਖਾ ਦਵੈਖ ਤੇ ਹੋਰ ਹੋਰ ਦੀ ਅਤਿਪਤ 'ਯਸ਼ ਯਾਚਨਾ' ਵਿਚ ਕਈ ਵੇਰ ਉਪੱਦਰ ਵੀ ਹੋ ਜਾਂਦਾ ਹੈ । ਤੁਸੀਂ ਹੁਣ ਪੰਥ ਵਿਚ ਨਜ਼ਰ ਮਾਰ ਕੇ ਦੇਖ ਲਓ ਕਿ ਜਿਥੇ ਕਿਤੇ ਸਿੰਘਾਂ ਵਿਚ ਪੰਥ ਸੇਵਾ ਦਾ ਖਿਆਲ ਉਪਜਦਾ ਹੈ, ਸਿੰਘ ਸਭਾ ਬਣਦੀ ਹੈ, ਦੋ ਚਾਰ ਉਤਸ਼ਾਹੀ ਤੇ ਉੱਦਮੀ ਉੱਦਮ ਕਰਦੇ ਹਨ, ਸਾਜਣਾ ਸਾਜਦੇ ਹਨ, ਗੁਰਦੁਆਰਾ ਵੀ ਇਨ੍ਹਾਂ ਦੀ ਮਿਹਨਤ ਘਾਲ ਨਾਲ ਬਣ ਜਾਂਦਾ ਹੈ, ਇਨ੍ਹਾਂ ਨੂੰ ਭਲਿਆਈ ਮਿਲਦੀ ਹੈ । ਫਿਰ ਹਮਾਤੜ ਲੋਕ ਦੇਖਦੇ ਹਨ ਕਿ ਸੰਗਤ ਵਿਚ ਇਨ੍ਹਾਂ ਦਾ ਮਾਣ ਹੋਣ ਲਗ ਪਿਆ ਹੈ, ਅਸੀਂ ਕਿਉਂ ਨਾ ਅੱਗੇ ਹੋਈਏ ਤੇ ਮਾਣ ਲਈਏ । ਸੋ ਮਾਣ ਦੇ ਭੁੱਖੇ ਵਿਚ ਆ ਰਲਦੇ ਹਨ । ਉਹ ਵੀ ਕੁਝ ਸੇਵਾ ਕਰਦੇ ਤੇ ਦਾਨ ਦੇਂਦੇ ਹਨ, ਪਰ ਅੱਗੇ ਹੁੰਦੇ ਹਨ, ਉਨ੍ਹਾਂ ਨੂੰ ਮਨ ਦੇ ਸੁਖ ਕਿ ਗੁਰੂ ਕੇ ਹੁਕਮ ਕਿ 'ਆਪਣੀ ਆਤਮਾ ਦੀ ਕਲਿਆਨ' ਦੀ ਲੋੜ ਨਹੀਂ ਹੁੰਦੀ । ਉਹ ਤਾਂ ਚਉਧਰ ਲਈ ਅਗੇ ਹੁੰਦੇ ਹਨ । ਜਿੰਨੇ ਚਿਰ ਵਿਚ ਪਹਿਲੇ ਨਿਰਮਾਣ ਸੇਵਕ ਉਥੋਂ ਬਦਲ ਜਾਂਦੇ ਹਨ ਜਾਂ ਬੁੱਢੇ ਹੋ ਜਾਂਦੇ ਹਨ ਜਾਂ ਇਨ੍ਹਾਂ ਦੇ ਝਗੜੇ ਤਾਂਤੇ ਦੇਖ ਕੇ ਅਲਗ ਹੋ ਜਾਂਦੇ ਹਨ, ਨਵੇਂ ਅਗੇ ਆਏ



www.AKJ.Org

ਆਗੂ ਬਣ ਬੈਠਦੇ ਹਨ । ਜਿਵੇਂ ਇਨ੍ਹਾਂ ਨੂੰ ਮਾਣ ਦੀ ਭੁੱਖ ਤੇ ਉਸ ਤੋਂ ਉਪਜੀ ਈਰਖਾ ਨੇ ਅੱਗੇ ਕੀਤਾ ਸੀ, ਤਿਵੇਂ ਹੋਰਨਾਂ ਤ੍ਰਿਸ਼ਨਾਲੂਆਂ ਨੂੰ ਇਹੋ ਇਛਾ ਉਪਜਦੀ ਹੈ, ਹੁਣ ਅੱਗੇ ਆਉਂਦੇ ਤੇ ਇਨ੍ਹਾਂ ਨੂੰ ਕੱਢਣਾ ਚਾਹੁੰਦੇ ਹਨ । ਫੇਰ ਸੋਹਣਾ ਘੋਲ ਟੁਰ ਪੈਂਦਾ ਹੈ । ਹੋਰ ਵੀ ਵਿਚਾਰ ਕਰੋ—ਪਹਿਲਾਂ ਸਿੰਘ ਸਭਾ ਬਣਦੀ ਹੈ, ਫੇਰ ਗੁਰਦੁਆਰਾ, ਫੇਰ ਹੁਣ ਕੋਈ ਆਸ਼ਰਮ ਨਾਲ ਬਣ ਜਾਂਦਾ ਹੈ, ਇਸ ਨਾਲ ਮਹਿਕਮਾ ਤਾਲੀਮ ਨਾਲ ਵਾਹ ਪੈਂਦਾ ਹੈ, ਸਰਕਾਰੇ ਦਰਬਾਰੇ ਪੁੱਛ ਹੋਣ ਲਗ ਜਾਂਦੀ ਹੈ । ਇਸ ਪ੍ਰਕਾਰ ਦੇ ਮਾਯਾਵੀ ਕਾਰਨਾਂ ਕਰਕੇ ਦੁਨੀਆ ਦੇ ਪ੍ਰੇਮੀਆਂ ਨੂੰ ਸੰਸਾਰਕ ਵਾਧੇ ਲਈ ਤੇ ਕਈ ਪ੍ਰਕਾਰ ਦੇ ਲਾਭਾਂ ਲਈ ਪ੍ਰੇਰਨਾ ਹੁੰਦੀ ਹੈ ਕਿ ਉਹ ਅਗੇ ਆਉਣ । ਕਿਸੇ ਵਕੀਲ ਦਾ ਕੰਮ ਨਾ ਟੁਰੇ ਤਾਂ ਉਹ ਆ ਰਲਦਾ ਹੈ । ਕਿਸੇ ਡਾਕਟਰ ਨੇ ਕੰਮ ਚਲਾਉਣਾ ਹੈ ਤਾਂ ਉਹ ਅਗੇ ਆ ਬੈਠੇਗਾ, ਕਿਸੇ ਸ਼ਾਹੂਕਾਰ ਨੂੰ ਰੁਪਏ ਦੀ ਲੋੜ ਹੈ ਉਹ ਆ ਸੇਵਾ ਵਿਚ ਰਲੇਗਾ ਕਿ ਲੋਕੀ ਭਲਾ ਜਾਣ ਕੇ ਰੁਪਏ ਉਸ ਪਾਸ ਜਮ੍ਹਾ ਕਰਾਉਣ ਲਗ ਜਾਣ । ਕਿਸੇ ਨੂੰ ਮੈਂਬਰੀ ਲਈ ਵੋਟਾਂ ਦੀ ਲੋੜ ਹੈ ਉਹ ਚੰਗਾ ਬਣ ਕੇ ਆ ਰਲੇਗਾ ਵੋਟ ਲੈਣ ਲਈ, ਦਾਨ ਤੇ ਸੇਵਾ ਕਰਦਾ ਦਿਸੇਗਾ । ਕੋਈ ਕਾਰੀਗਰ ਹੈ ਤੇ ਕੰਮ ਲਭਦਾ ਹੈ । ਇਸ ਪ੍ਰਕਾਰ ਲੋੜਾਂ ਵਾਲੇ ਆਪਣੇ ਸਵਾਰਥਾਂ ਲਈ ਆ ਰਲਦੇ ਹਨ । ਸਿੰਘ ਸਭਾ ਜੋ ਸਤਿਸੰਗ ਤੇ ਧਰਮ-ਪ੍ਰਚਾਰ ਦਾ ਸਮਾਗਮ ਬਣਾਇਆ ਸੀ, ਦੁਨੀਆਦਾਰਾਂ ਦੀ ਉੱਨਤੀ ਦਾ ਅਖਾੜਾ ਬਣਦਾ ਹੈ ਤੇ ਨਵੇਂ ਨਵੇਂ ਆਇ ਵਿਚ ਰਲਦੇ ਹਨ ਤੇ ਮੈਂਬਰ ਬਣ ਕੇ ਪਹਿਲਿਆਂ ਨੂੰ ਧਕਣਾ ਚਾਹੁੰਦੇ ਹਨ । ਇਸ ਤਰ੍ਹਾਂ ਧੜੇ ਬਣ ਜਾਂਦੇ ਹਨ ਤੇ ਆਪੋ ਵਿਚ ਆਪਣੀ ਚਉਧਰ ਲਈ ਧਕਮ-ਧਕੀ ਹੁੰਦੇ ਹਨ, ਜਿਸ ਵਿਚ ਪੰਥ ਦੀ ਹਾਨੀ ਹੁੰਦੀ ਹੈ । ਜਿਸ ਮਨੋਰਥ ਲਈ ਸਿੰਘ ਸਭਾ, ਗੁਰਦੁਆਰਾ ਕਿ ਆਸ਼ਰਮ ਰਚਿਆ ਸੀ ਉਸ ਮਨੋਰਥ ਦੀ ਸਫਲਤਾ ਵਿਚ ਵਿਘਨ ਪੈਣ ਲਗ ਜਾਂਦੇ ਹਨ । ਜਗਤ ਦੀ ਹਾਸੋ-ਹੀਣੀ ਵਖਰੀ ਹੁੰਦੀ ਹੈ । ਨਹੀਂ ਤਾਂ ਭਾਈ ਜਿਨ੍ਹਾਂ ਨੇ ਪਰਮੇਸ਼ਰ ਮੰਨਿਆ ਹੈ, ਸਚ ਤੇ ਜੀਵਨ ਨੂੰ ਢਾਲਣ ਦਾ ਰਾਹ ਫੜਿਆ ਹੈ, ਜੋ ਹਰ ਸਿਖ ਭਾਈ ਸਮਝਣ ਦੀ ਸਿਖਿਆ ਅੰਮ੍ਰਿਤ ਵੇਲੇ ਪਾ ਕੇ ਇਸ ਉਤੇ ਅਮਲ ਕਰਨਾ ਚਾਹੁੰਦੇ ਹਨ, ਉਨ੍ਹਾਂ ਨੂੰ ਝਗੜਿਆਂ ਤਾਂਤਿਆਂ ਨਾਲ ਕੀ । ਪਰਮੇਸ਼ਰ ਤੇ ਉਸਦਾ ਰਾਹ ਤਾਂ ਪ੍ਰੇਮ ਹੈ, ਅਪ੍ਰੇਮ ਜਾਂ ਵੈਰ ਤਾਂ ਉਸਦੇ ਉਲਟ ਹੋਇਆ । ਪ੍ਰੇਮ ਦਾ ਪੰਛੀ ਤਾਂ ਦਾਨ ਦੇ ਪੈਰਾਂ ਤੇ ਤੁਰਦਾ ਹੈ ਤੇ ਖਿਮਾ ਦੇ ਖੰਭਾਂ ਨਾਲ ਉਡਦਾ ਹੈ ।

ਕਬੀਰਾ ਜਹਾ ਗਿਆਨੁ ਤਹ ਧਰਮੁ ਹੈ, ਜਹਾ ਝੂਠੁ ਤਹ ਪਾਪੁ ॥ ਜਹਾ ਲੋਭੁ ਤਹ ਕਾਲੁ ਹੈ, ਜਹਾ ਖਿਮਾ ਤਹ ਆਪਿ ॥੧੫੫॥

[ 'ਗੁਰਮਤਿ ਵਿਚਾਰ ਪਤ੍ਰਿਕਾ' ਵਿਚੋਂ

# ਮੋਗੇ ਵਿਚ ਰੈਣ ਸਬਾਈ ਕੀਰਤਨ ਪ੍ਰੋਗਰਾਮ

ਸਮੂਹ ਸੰਗਤਾਂ ਪਾਸ ਪ੍ਰਾਰਥਨਾ ਹੈ ਕਿ ਹਰ ਸਾਲ ਦੀ ਤਰ੍ਹਾਂ ਐਤਕੀ ਵੀ ਮੋਗੇ ਵਿਚ ਹੇਠ ਲਿਖੇ ਅਨਸਾਰ ਰੈਣ-ਸਬਾਈ ਕੀਰਤਨ ਸਮਾਗਮ ਹੋ ਰਹੇ ਹਨ, ਜਿਸ ਵਿਚ ਭਾਈ ਮਹਿੰਦਰ ਸਿੰਘ ਜੀ ਐਸ. ਡੀ. ਓ. ਤੇ ਹੋਰ ਕੀਰਤਨੀ ਜਥੇ ਲੁਧਿਆਨਾ, ਜਲੰਧਰ, ਫ਼ੀਰੋਜ਼ਪੁਰ, ਮੁਲਾਂਪੁਰ ਆਦਿ ਤੋਂ ਪੁਜ ਰਹੇ ਹਨ । ਸਮੂੰਹ ਕੀਰਤਨ ਦੇ ਪਿਆਰੇ ਆਇ ਦੀਦਾਰ ਬਖ਼ਸ਼ੋ ਜੀ ।

੧੫ ਮਾਰਚ ਸ਼ਨੀਵਾਰ ਸ਼ਾਮ ੭-੩੦ ਸੋਦਰ ਉਪਰੰਤ ਰੈਣ-ਸਬਾਈ ਕੀਰਤਨ ਅਰੰਭ

੧੬ ਮਾਰਚ ਐਤਵਾਰ ਸਵੇਰੇ ਭੋਗ ਰੈਣ-ਸਬਾਈ

ਖ਼ਾਲਸਾ ਗਰਲਜ਼ ਹਾਈ ਸਕੂਲ ਪੁਰਾਣਾ ਮੋਗਾ ਵਿਖੇ ਕੀਰਤਨ ਪ੍ਰੋਗਰਾਮ ਹੋਵੇਗਾ ।

ਦਾਸਰੇ—ਅਖੰਡ ਕੀਰਤਨੀ ਜੱਥਾ ਮੋਗਾ (ਫ਼ਰੀਦਕੋਟ)

ਰਿਹਾਇਸ਼ ਤੇ ਲੰਗਰ ਦਾ ਪਰਬੰਧ ਦਾਸ ਦੇ ਗ੍ਰਿਹਿ ਵਿਖੇ—
ਕਰਨੈਲ ਸਿੰਘ ਆਰੇ ਵਾਲੇ (ਸਕੂਲ ਦੇ ਲਾਗੇ)
ਚੌਕ ਰਾਮਗੜ੍ਹੀਆ, ਪੁਰਾਣਾ ਮੋਗਾ

ਪੁਛ-ਗਿਛ ਲਈ :
ਬਾਬੂ ਜਸਵੰਤ ਸਿੰਘ
੩੫੪-ਐਲ, ਮਾਡਲ ਟਾਊਨ, ਲੁਧਿਆਣਾ



www.AKJ.Org

# ਗੁਰੂ ਨਾਨਕ ਦੇਵ ਜੀ........?

[ ਵਲੋਂ— ਸਾਰੰਗ ਜੀ, ਕਪੂਰਥਲਾ ]

ਕੋਈ ਆਖੈ ਭੂਤਨਾ, ਕੋ ਕਹੈ ਬੇਤਾਲਾ ॥
ਕੋਈ ਆਖੈ ਆਦਮੀ, ਨਾਨਕੁ ਵੇਚਾਰਾ ॥੧॥
[ਮਾਰੂ ਮ: ੧, ਪੰਨਾ ੯੯੧

ਜੋ ਜੋ ਵੀ ਮਹਾਂਪੁਰਖ ਕਾਲ ਦੇ ਪੰਧ ਤੇ ਚਲਿਆ ਹੈ, ਉਸ ਉਸ ਬਾਰੇ ਪਿਛੋਂ ਪੜਚੋਲ ਹੁੰਦੀ ਆਈ ਹੈ। ਉਸਦਾ ਜੀਵਨ ਅਤੇ ਚਰਿਤਰ ਹਰ ਪੀੜ੍ਹੀ ਦੇ ਸਾਮ੍ਹਣੇ ਇਕ ਨਵੀਂ ਤਸਵੀਰ ਵਿਚ ਪੇਸ਼ ਕੀਤਾ ਜਾਂਦਾ ਹੈ।

ਧੰਨ ਗੁਰੂ ਨਾਨਕ ਜੀ ਬਾਰੇ ਗੁਰੂ ਅਰਜਨ ਦੇਵ ਜੀ ਨੇ ਆਸਾ ਰਾਗ ਵਿਚ ਕਿਹਾ ਹੈ—

ਕਲਿਜੁਗੁ ਉਧਾਰਿਆ ਗੁਰਦੇਵ ॥ (ਪੰ: ੪੦੬)

ਆਤਮਕ ਰਾਹ ਦੇ ਪਾਂਧੀਆਂ ਲਈ ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਸਤਿਗੁਰ ਨਾਨਕ—

ਵਡਾ ਪੁਰਖ ਪਰਗਟਿਆ, ਕਲਿਜੁਗਿ ਅੰਦਰਿ
ਜੋਤਿ ਜਗਾਈ।

ਅਤੇ ਸਿਧਾਂ ਦੀ ਦ੍ਰਿਸ਼ਟੀ ਅੰਦਰ—

ਸਿਧ ਬੋਲਨਿ ਸੁਭ ਬਚਨਿ, ਧਨੁ ਨਾਨਕ ਤੇਰੀ
ਵਡੀ ਕਮਾਈ।......੪੪।

ਪਰ ਰੂਹ ਦੇ ਮੰਡਲ ਨੂੰ ਛਡ ਕੇ, ਜੋ ਜੀਵ ਅਜੇ ਤਕ ਭੌਤਕ ਮੰਡਲ ਵਿਚ ਹੀ ਵਿਚਰਦੇ ਹਨ, ਜਾਂ ਜਿਨ੍ਹਾਂ ਨੂੰ ਅਜੇ ਰੂਹ, ਅਤੇ ਰੂਹ ਦੀ ਵਖਰੀ ਦੁਨੀਆ ਦਾ ਕਦੀ ਅਨੁਭਵ ਮਾਤਰ ਭੀ ਨਹੀਂ ਹੋਇਆ, ਉਹਨਾਂ ਨੇ ਗੁਰੂ ਬਾਬਾ ਜੀ ਬਾਰੇ ਕੀ ਕੁਝ ਨਹੀਂ ਆਖਿਆ।

ਕਿਸੇ ਨੇ ਬੇਤਾਲਾ (ਇਕ ਅਤਿ ਨੀਵੇਂ ਦਰਜੇ ਦਾ ਭੂਤ) ਕਿਹਾ, ਕਿਸੇ ਨੇ ਕੁਰਾਹੀਆ ਭੀ ਆਖਿਆ, ਕਿਸੇ ਨੇ ਭੁਲਣਹਾਰ ਆਦਮੀ ਭੀ ਕਿਹਾ (ਭਾਵੇਂ ਅਭੁਲ ਗੁਰੂ ਕਰਤਾਰ ਹੈ) ਅਤੇ ਕਿਸੇ ਨੇ (ਸੰਗ-ਸਾਰ) ਪਥਰ ਭੀ ਮਾਰਨ ਦਾ ਯਤਨ ਕੀਤਾ।

ਪਰ ਇਨ੍ਹਾਂ ਨਿੰਦਕਾਂ ਤੋਂ ਥੋੜੇ ਜਿਹੇ ਉਚੇ ਜਿਹੇ ਇਕ ਹੋਰ ਸ਼੍ਰੇਣੀ ਦੇ ਲੋਕ ਹਨ ਜੋ ਆਪਣੇ ਆਪ ਨੂੰ ਇਤਿਹਾਸਕਾਰ ਆਖਦੇ ਹਨ। ਸੁਣੀਆਂ-ਸੁਣਾਈਆਂ, ਲਿਖੀਆਂ-ਲਿਖਾਈਆਂ ਗੱਲਾਂ ਦੇ ਆਧਾਰ ਤੇ, ਬੀਤੇ ਸਮੇਂ ਵਿਚ ਹੋ ਗੁਜ਼ਰੇ ਕੇਵਲ ਰਾਜੇ ਮਹਾਰਾਜਿਆਂ ਨੂੰ ਹੀ ਆਪਣੀ ਅਕਲ ਦੇ ਤਰਾਜ਼ੂ ਵਿਚ ਪਾ ਕੇ ਤੋਲੀ ਜਾਣਾ ਤੇ ਇਨ੍ਹਾਂ ਬਾਰੇ ਕੁਝ ਆਖੀ ਜਾਂ ਲਿਖੀ ਜਾਣਾ। ਭਲਾ ਇਨ੍ਹਾਂ ਲੋਕਾਂ ਨੂੰ "ਅਕਾਲ-ਰੂਪ" ਗੁਰੂ ਨਾਨਕ ਦੇ ਅਕਾਲੀ ਮਿਸ਼ਨ ਦਾ ਕੀ ਥਹੁ! ਹੋਰਨਾਂ ਰਾਜਿਆਂ ਮਹਾਰਾਜਿਆਂ ਨੂੰ ਤੋਲਣ ਵਾਲੇ ਵੱਟਿਆਂ ਨਾਲ ਬਾਬਾ ਜੀ ਨੂੰ ਆਪਣੇ ਤਰਾਜ਼ੂ ਵਿਚ ਪਾਂ ਕੇ ਇਨ੍ਹਾਂ ਨੇ ਤੋਲਿਆ। ਪਰ ਬਾਬਾ ਜੀ ਦਾ ਅੰਤ ਕਿਸੇ ਤੋਂ ਨਹੀਂ ਪਾਇਆ ਗਿਆ। ਮੋਟੇ ਤੌਰ ਤੇ ਦੋ ਧੜੇ ਬਣ ਗਏ। ਇਕ ਧੜਾ ਤਾਂ ਕਹਿੰਦਾ ਹੈ "ਬਾਬਾ ਜੀ ਸਮਾਜ-ਸੁਧਾਰਕ ਆਗੂ ਸਨ, ਜਿਨ੍ਹਾਂ ਨੇ ਹਿੰਦੂ ਸਮਾਜ ਨੂੰ ਕਈ ਕੁਰੀਤੀਆਂ ਤੋਂ ਮੋੜਿਆ। ਤੇ ਹਿੰਦੂ ਹੋਣ ਦੇ ਨਾਤੇ ਹਿੰਦੂ ਧਰਮ ਦਾ ਸੁਧਾਰ ਕੀਤਾ।

ਪਰ ਦੂਜਾ ਧੜਾ ਕੁਝ ਵਧੇਰੇ ਵਿਚਾਰਵਾਨਾਂ ਦਾ ਜਾਪਦਾ ਹੈ, ਜੋ ਗੁਰੂ ਮਹਾਰਾਜ ਜੀ ਨੂੰ ਕ੍ਰਾਂਤੀਕਾਰੀ ਕਹਿੰਦਾ ਹੈ। ਕਿਉਂਕਿ ਕ੍ਰਾਂਤੀਕਾਰੀ ਉਹ ਪੁਰਖ ਹੁੰਦਾ ਹੈ ਜੋ ਪੁਰਾਣੇ ਸਮਾਜਕ ਢਾਂਚੇ ਨੂੰ ਉਖੇੜ ਕੇ ਪਰਾਂਹ ਮਾਰਦਾ ਹੈ ਤੇ ਉਸ ਦੀ ਥਾਵੇਂ ਨਵੇਂ ਸਮਾਜ ਦੀ ਉਸਾਰੀ ਕਰਦਾ ਹੈ। ਭਾਵ ਕਿ ਹਰ ਕ੍ਰਾਂਤੀਕਾਰੀ ਪਾਸ ਇਕ ਪ੍ਰੋਗਰਾਮ ਹੁੰਦਾ ਹੈ। ਸਮਾਜਵਾਦ ਦੇ ਬਹੁਤੇ ਸ਼ਰਧਾਲੂ ਹੁਣ ਭੀ ਆਖਦੇ ਸੁਣੀਂਦੇ ਹਨ ਕਿ ਗੁਰੂ ਨਾਨਕ ਇਕ ਮਹਾਨ ਕਮਿਊਨਿਸਟ ਸੀ, ਕਿਉਂਕਿ ਉਨ੍ਹਾਂ ਕਿਰਤ ਕਰਨਾ ਤੇ ਵੰਡ ਕੇ ਛਕਣਾ ਸਿਖਾਇਆ ਸੀ ਅਤੇ ਬਹੁਤੇ ਸਿਖ ਗੁਰੂ ਘਰ ਦੀ ਇਸ ਸਿਖਿਆ ਦੇ ਪਿਛੋਕੜ ਕਾਰਨ ਕਮਿਊਨਿਸਟ ਬਣਦੇ ਜਾਂਦੇ ਹਨ। ਪਰ ਜਿਨ੍ਹਾਂ ਨੇ ਸਤਿਗੁਰੂ ਜੀ ਨੂੰ ਕ੍ਰਾਂਤੀਕਾਰੀ ਆਖਿਆ ਹੈ, ਉਹ ਜਦੋਂ ਅਜ ਦੇ ਵਿਦਰੋਹੀ ਫ਼ਿਤਰਤ ਦੇ ਕਿਸੇ ਬੰਦੇ ਵਲ ਝਾਤ ਮਾਰ ਕੇ ਗੁਰੂ ਨਾਨਕ ਦੇਵ ਜੀ ਦੇ ਸਮੁੱਚੇ ਜੀਵਨ-ਬ੍ਰਿਤਾਂਤ ਤੇ ਭੀ ਬੜੀ ਪੜਚੋਲਵੀਂ ਨਜ਼ਰ ਨਾਲ ਦੇਖਦੇ ਹਨ ਤੇ ਉਨ੍ਹਾਂ ਦੀ 'ਬਾਬਰ-ਵਾਣੀ' ਵਿਚੋਂ ਇਕ ਤੁਕ ਦੇ ਗ਼ਲਤ ਅਰਥ ਲੈ ਕੇ ਸਿਧ ਕਰਨ ਦਾ ਜਤਨ ਕਰਦੇ ਹਨ ਕਿ ਬਾਬਾ ਜੀ ਵਿਦਰੋਹੀ ਸਨ।



www.AKJ.Org

ਏਤੀ ਮਾਰ ਪਈ ਕੁਰਲਾਣੇ,
ਤੈਂ ਕੀ ਦਰਦ ਨ ਆਇਆ ॥

ਉਹ ਇਹ ਕਹਿਣੋਂ ਨਹੀਂ ਸੰਕੋਚਦੇ ਕਿ "ਆਪ ਇਤਨੇ ਵਡੇ ਕ੍ਰਾਂਤੀਕਾਰੀ ਸਨ ਕਿ ਇਸ ਤੁਕ ਵਿਚ ਆਪ ਨੇ ਸ੍ਰਿਸ਼ਟੀ ਦੇ ਮਾਲਕ ਨੂੰ ਭੀ ਏਤੀ ਮਾਰ ਪਈ ਉਤੇ ਉਲਾਂਭਾ ਦੇਣੋਂ ਸੰਕੋਚ ਨਹੀਂ ਕੀਤਾ, ਹਾਲਾਂ ਕਿ ਆਪ ਜੀ ਦੀ ਬਾਣੀ ਵਿਚ ਮਨੁੱਖ ਨਾਲ ਕਰੜੇ ਤੋਂ ਕਰੜਾ ਜੋ ਕੁਝ ਵੀ ਵਾਪਰ ਰਿਹਾ ਹੈ, ਉਸ ਬਾਰੇ ਨੀਤੀ ਹੇਠਲੀਆਂ ਤੁਕਾਂ ਰਾਹੀਂ ਬੜੀ ਸਪੱਸ਼ਟ ਹੁੰਦੀ ਹੈ –

ਜੇ ਤੂ ਸਾਹਿਬ ਆਵਹਿ ਰੋਹਿ ॥
ਤੂ ਓਨਾ ਕਾ ਤੇਰੇ ਓਹਿ ॥
[ਸਿਰੀ ਰਾਗ ਮ: ੧, ਪੰਨਾ ੨੫

ਕ੍ਰਾਂਤੀਕਾਰੀ ਪੱਖ ਵਾਲੇ ਵਿਦਵਾਨ ਇਸ ਗੱਲ ਨੂੰ ਸਤਿਗੁਰੂ ਜੀ ਦਾ ਇਕ ਮਿਥਿਆ ਹੋਇਆ ਪ੍ਰੋਗਰਾਮ ਮੰਨਦੇ ਹਨ ਕਿ ਗੁਰੂ ਨਾਨਕ ਦੇਵ ਜੀ ਸ਼ੁਰੂ ਤੋਂ ਹੀ ਕਹਿ ਰਹੇ ਸਨ,

ਨਾ ਕੋਈ ਹਿੰਦੂ ਨਾ ਮੁਸਲਮਾਨ ॥

ਅਤੇ ਇਸਦੇ ਅਰਥ ਇਨ੍ਹਾਂ ਲੋਕਾਂ ਨੇ ਸਮਝੇ ਕਿ ਆਪ ਜੀ ਦਾ ਸੰਕੇਤ 'ਤੀਸਰ ਪੰਥ ਚਲਾਇਓਨ' ਵਲ ਸੀ । ਪੁਰਾਣੇ ਢਾਂਚੇ ਨੂੰ ਰਦ ਕਰਦੇ ਗਏ । ਆਪਣੇ ਸਿਖਾਂ ਪਾਸੋਂ ਪੁਰਾਣੇ ਤੀਰਥ ਛੁਡਾ ਦਿਤੇ, ਨਵੇਂ ਤੀਰਥ ਬਣਾਏ । ਪੁਰਾਣੀਆਂ ਰਸਮਾਂ—ਜਨਮ, ਮਰਨ, ਵਿਆਹ ਆਦਿ ਸੰਬੰਧੀ ਖ਼ਤਮ ਕਰ ਦਿਤੀਆਂ, ਉਨ੍ਹਾਂ ਦੀ ਥਾਂ ਨਵੇਂ ਸੰਸਕਾਰ ਦਿਤੇ । ਬੇਦ ਅਤੇ ਕਤੇਬ ਦੀ ਥਾਂ ਗੁਰਬਾਣੀ ਨੇ ਲੈ ਲਈ । ਦੇਵ-ਭਾਸਾ ਸੰਸਕ੍ਰਿਤ ਦਾ ਮਾਨ ਗੁਰਮੁਖੀ ਲਿਪੀ ਵਿਚ ਲਿਖੇ ਬ੍ਰਹਮ-ਬੀਚਾਰ (ਅਰ ਉਵੇਂ ਕਿਵੇਂ ਜੁੜਵੇਂ ਅਖਰਾਂ ਦੇ ਪੈਟਰਨ ਤੇ) ਦੇ ਬੋਹਥ ਸ੍ਰੀ ਗੁਰੂ ਗ੍ਰੰਥ ਸਾਹਿਬ ਨੇ ਲੈ ਲਈ । ਖ਼ਾਲਸੇ ਦੀ ਸਾਜਨਾ ਨਾਲ ਨਾਮ-ਸੰਸਕਾਰ ਦੀ ਸਾਂਝ ਭੀ ਤੋੜ ਦਿਤੀ, ਭਾਈ ਦਇਆ ਰਾਮ, ਹੁਣ ਭਾਈ ਦਇਆ ਸਿੰਘ ਬਣਾ ਦਿਤਾ ।"

ਇਹ ਸਾਰੀਆਂ ਗੱਲਾਂ ਅਲਪਗ ਬੁਧੀ ਅਨੁਸਾਰ ਤਾਂ ਠੀਕ ਹਨ, ਪਰ ਅਸੀਂ ਆਪਣੀ ਬੁਧੀ ਨਾਲ ਗੁਰੂ ਮਹਾਰਾਜ ਦਾ ਚਰਿਤ੍ਰ ਨਹੀਂ ਉਲੀਕ ਸਕਦੇ । ਦਸਵੇਂ ਜਾਮੇ ਵਿਚ ਅਤੇ ਇਸ ਤੋਂ ਪਹਿਲਾਂ ਤਿੰਨ ਚਾਰ ਜਾਮਿਆਂ ਵਿਚ ਭੀ ਜੋ ਸੰਕੇਤ ਦਿਤੇ ਗਏ ਹਨ, ਕੇਵਲ ਉਨ੍ਹਾਂ ਨੂੰ ਹੀ ਠੀਕ ਪਰਵਾਨ ਕਰਨਾ ਆਪ ਜੀ ਨੂੰ ਸਹੀ ਸ਼ਰਧਾਂਜਲੀਆਂ ਹਨ । ਗੁਰੂ ਨਾਨਕ ਜੀ ਬਾਰੇ ਹੋਰ ਗੁਰੂ ਸਾਹਿਬਾਨ ਨੇ ਕੀ ਆਖਿਆ, ਉਹ ਜ਼ਿਆਦਾ ਭਰੋਸੇ ਯੋਗ ਗੱਲ ਮੰਨੀ ਜਾਣੀ ਚਾਹੀਦੀ ਹੈ ।

...ਜਨ ਪਰਉਪਕਾਰੀ ਆਏ ॥
ਜੀਅ ਦਾਨੁ ਦੇ ਭਗਤੀ ਲਾਇਨਿ,
ਹਰਿ ਸਿਉ ਲੈਨਿ ਮਿਲਾਏ ॥੨॥ (੭੪੮)

ਦਸਵੇਂ ਗੁਰੂ ਨਾਨਕ ਨੇ ਆਖ਼ਰ ਭੇਦ ਖੋਲ੍ਹ ਹੀ ਦਿਤਾ—

ਹਮ ਇਹ ਕਾਜ ਜਗਤ ਮੋ ਆਏ ॥
**ਧਰਮ ਹੇਤ** ਗੁਰਦੇਵ ਪਠਾਏ ॥...੪੨॥
ਮੈ ਹੋ ਪਰਮ ਪੁਰਖ ਕੋ ਦਾਸਾ ॥
ਦੇਖਨ ਆਯੋ ਜਗਤ ਤਮਾਸਾ ॥...੩੩॥

ਅਜ ਦੇ ਇਤਿਹਾਸਕਾਰ (ਕੇ. ਐਮ. ਪਾਨੀਕਰ ਦੇ ਕਹਿਣ ਵਾਂਗ), ਪੁਰਾਤਨ ਯੂਰਪੀਨ-ਲਿਖਣ-ਪ੍ਰਣਾਲੀ ਦੀ ਲਕੀਰ ਦੇ ਫ਼ਕੀਰ ਹਨ । ਹੋਰ ਤਾਂ ਹੋਰ, ਆਪਣੇ ਦੇਸ਼ ਦਾ ਇਤਿਹਾਸ ਇਨ੍ਹਾਂ ਤੋਂ ਇਕ ਪੂਰਨ ਸੂਤਰ ਵਿਚ ਨਹੀਂ ਪਰੋਇਆ ਗਿਆ । ਐਮ. ਏ. ਤਕ ਪੜ੍ਹਿਆ ਇਤਿਹਾਸ ਦਾ ਵਿਦਿਆਰਥੀ ਮੁਗ਼ਲ ਕਾਲ ਤੇ ਬ੍ਰਿਟਿਸ਼ ਕਾਲ ਦੇ ਅਧਿਐਨ ਦੇ ਆਧਾਰ ਤੇ ਦਖਣ ਦੀ ਪਠਾਰ ਤੋਂ ਹੇਠਾਂ ਦੇ ਭਾਰਤ ਬਾਰੇ ਉਕਾ ਹੀ ਅਨਜਾਣ ਰਹਿ ਜਾਂਦਾ ਹੈ । ਇਸ ਲਈ ਸਿਖ ਇਤਿਹਾਸ ਦੇ ਲਿਖਣ ਵਾਲੇ ਇਤਿਹਾਸਕਾਰ ਗੁਰੂ ਸਾਹਿਬਾਨ ਦੀ ਬਾਣੀ, ਜੋ ਸੱਭ ਤੋਂ ਵਧ ਪ੍ਰਮਾਣੀਕ (authentic) ਸਮਗ੍ਰੀ ਹੈ, ਦੇ ਆਧਾਰ ਤੇ ਇਤਿਹਾਸ ਨਹੀਂ ਲਿਖਦੇ । ਗੁਰੂ ਨਾਨਕ ਤੋਂ ਗੁਰੂ ਗੋਬਿੰਦ ਸਿੰਘ ਤਕ ਦਸੇ ਗੁਰੂ ਨੂਰੀ-ਮਨੁੱਖ ਸਨ । ਉਨ੍ਹਾਂ ਦਾ ਇਤਿਹਾਸ ਇਸ ਨੂਰ ਦੀ ਝਲਕ ਨਾਲ ਸਰਸ਼ਾਰ ਹੋਣਾ ਚਾਹੀਦਾ ਸੀ, ਪਰ ਸਾਡੇ ਇਤਿਹਾਸਕਾਰਾਂ ਨੂੰ ਇਹੋ ਹੀ ਸ਼ੰਕਾ ਖਾਈ ਜਾਂਦਾ ਹੈ ਕਿ ਗੁਰੂਆਂ ਦੇ ਜਾਮੇ ਦਸ ਹੋਏ ਹਨ, ਜਿਹਾ ਕਿ ਮੁਗ਼ਲਾਂ ਦੇ ਕਈ ਬਾਦਸ਼ਾਹ ਜਾਂ ਹਿੰਦ ਦੇ ਕਈ ਵਾਈਸਰਾਏ ਹੋਏ ਹਨ । ਅਤੇ ਪੰਜਵੇਂ ਪਾਤਸ਼ਾਹ, ਗੁਰੂ ਅਰਜਨ ਦੇਵ ਜੀ ਦੇ ਸ੍ਰੀ ਮੁਖਵਾਕ ਅਨੁਸਾਰ—

ਇਕਾ ਬਾਣੀ, ਇਕੁ ਗੁਰੁ, ਇਕੋ ਸਬਦੁ ਵੀਚਾਰਿ (੬੪੬)

ਤੋਂ ਇਕੋ ਜੋਤ ਹੋਣਾ ਸਪੱਸ਼ਟ ਹੁੰਦਾ ਹੈ ।

ਪਰ ਇਤਿਹਾਸਕਾਰਾਂ ਨੂੰ ਅਜੇ ਇਹ ਨਹੀਂ ਪਤਾ ਕਿ ਜੋਤ ਹੁੰਦੀ ਕੀ ਹੈ ! ਉਹ ਤਾਂ ਗੁਰੂ ਹਰਿਗੋਬਿੰਦ ਜੀ ਦੀ



www.AKJ.Org

ਨਵੀਂ ਨੀਤੀ ਦੇ ਐਲਾਨ ਨੂੰ ਤਾਂ ਮੰਨਦੇ ਹਨ, ਪਰ ਇਹ ਨਹੀਂ ਦੇਖਦੇ ਕਿ ਗੁਰੂ-ਜੋਤ ਉਨ੍ਹਾਂ ਵਿਚ ਕੇਵਲ ੧੧ ਸਾਲ ਦੀ ਉਮਰ ਵਿਚ ਟਿਕੀ ਸੀ। ਜਦੋਂ ਜੋਤ ਅੰਦਰ ਵਸਦੀ ਹੈ, ਉਸ ਵੇਲੇ ਉਮਰ ਦਾ ਤਕਾਜ਼ਾ ਖ਼ਤਮ ਹੋ ਜਾਂਦਾ ਹੈ। ਉਦੋਂ ੮ ਸਾਲ ਦੇ ਗੁਰੂ ਹਰਿਕ੍ਰਿਸ਼ਨ ਜੀ ਗੂੰਗੇ ਤੋਂ ਵਿਦਵਾਨ ਪੰਡਿਤ ਨਾਲ ਸ਼ਾਸਤ੍ਰਾਰਥ ਕਰਾ ਰਹੇ ਹਨ। ੧੯ ਸਾਲ ਦੇ ਗੁਰੂ ਗੋਬਿੰਦ ਸਿੰਘ ਜੀ ਭੰਗਾਣੀ ਦੇ ਯੁਧ ਦੇ ਕਮਾਂਡਰ ਹਨ ਤੇ ਪਹਾੜੀ ਰਾਜਿਆਂ ਦਾ ਕਾਮਯਾਬੀ ਨਾਲ ਟਾਕਰਾ ਕਰਦੇ ਹਨ। ਸੋ ਜੋਤ ਨੂਰ ਹੈ, ਜੋ ਨੂਰੀ ਅੱਖਾਂ ਨਾਲ ਹੀ ਦਿਸਣੀ ਹੈ। ਇਨ੍ਹਾਂ ਮਾਦਾ-ਪ੍ਰਸਤ ਅੱਖਾਂ ਨਾਲ ਤਾਂ ਦਸੇ ਗੁਰੂ ਭੁਲਣਹਾਰ ਮਨੁੱਖ ਹੀ ਦਿਸਣਗੇ ਤੇ ਗੁਰੂ ਨਾਨਕ ਦੇਵ ਜੀ ਭੀ ਉਵੇਂ ਕਿਵੇਂ ਰਾਜਾ ਰਾਮ ਮੋਹਨ ਰਾਏ ਤੇ ਸਰ-ਸਯਦ ਅਹਿਮਦ ਖ਼ਾਨ ਵਰਗੇ ਸਮਾਜ-ਸੁਧਾਰਕਾਂ ਦੀ ਲਾਈਨ ਵਿਚ ਹੀ ਖੜੇ ਦਿਸਣਗੇ। ਜਿਹੜਾ ਸਿਖ-ਇਤਿਹਾਸ ਸਾਡੇ ਨੌਜਵਾਨ ਪੜ੍ਹਦੇ ਹਨ, ਉਹ ਇਹੋ ਜਿਹਾ ਹੀ ਬਣਿਆ ਹੋਇਆ ਹੈ।

ਦਰ ਅਸਲ ਗੁਰੂ ਨਾਨਕ ਦੇਵ ਜੀ ਨਾ ਕੇਵਲ ਸੁਧਾਰਕ ਜਾਂ ਕ੍ਰਾਂਤੀਕਾਰੀ ਹੀ ਸਨ, ਉਹ ਤਾਂ ਨਿਰੰਕਾਰੀ ਸਨ। ਉਹ ਕੇਵਲ ਹਿੰਦੂ ਧਰਮ ਨੂੰ ਸੁਧਾਰਨ ਜਾਂ ਉਸ ਦੀ ਥਾਂ ਨਵੇਂ ਮਜ਼ਹਬ ਚਲਾਣ ਲਈ ਕ੍ਰਾਂਤੀਕਾਰੀ ਦੇ ਰੂਪ ਵਿਚ ਨਹੀਂ ਸਨ ਆਏ। ਉਨ੍ਹਾਂ ਦਾ ਮਿਸ਼ਨ ਸ਼ੁਰੂ ਤੋਂ ਮਨੁੱਖ ਨੂੰ ਮਨੁੱਖਤਾ ਦੀ ਸੋਧ ਦੇਣਾ ਸੀ। ਸਜਣ ਠਗ, ਪੀਰ ਹਮਜ਼ਾ ਗੌਂਸ ਸਿਆਲਕੋਟੀ, ਵਲੀ ਕੰਧਾਰੀ, ਸਿਧ, ਨਾਥ, ਪੀਰ ਦਸਤਗੀਰ ਬਗਦਾਦੀ ਸਾਰੇ ਇਸ ਗੱਲ ਤੋਂ ਕਾਇਲ ਸਨ ਕਿ ਨਾਨਕ ਵਾਕਈ ਨਿਰੰਕਾਰੀ ਹੈ। ਗੁਰੂ ਬਾਬੇ ਜੀ ਦੇ ਅਨਮੋਲ ਬਚਨ ਹੀ ਐਸੇ ਹੁੰਦੇ ਸਨ ਕਿ ਕੀ ਹਿੰਦੂ, ਕੀ ਮੁਸਲਮਾਨ ਚਰਨੀਂ ਪੈ ਜਾਂਦੇ। ਆਤਮਕ ਠੰਢ ਮਹਿਸੂਸ ਕਰਦੇ ਆਪੋ ਆਪਣੇ ਧਰਮਾਂ ਵਿਚ ਟਿਕ ਕੇ ਭੀ ਉਹ ਬਾਬਾ ਜੀ ਦੀ ਬਾਣੀ ਤੋਂ ਆਤਮਕ ਉਚਾਈਆਂ ਛੋਂਹਦੇ। ਅਜ ਲੋੜ ਇਸੇ ਗੱਲ ਦੀ ਹੈ ਕਿ ਗੁਰੂ ਨਾਨਕ ਦੇਵ ਜੀ ਦਾ ਸਹੀ ਚਿਤਰ ਉਲੀਕਿਆ ਜਾਏ ਅਤੇ ਇਸ ਸੰਬੰਧੀ ਆਧਾਰ ਵਡੀਆਂ ਵਡੀਆਂ ਡਿਗਰੀਆਂ ਨਾ ਹੋਣ, ਸਗੋਂ ਬਾਬਾ ਜੀ ਦੇ ਦਰਸ਼ਨ ਬਾਬੇ ਜੀ ਦੀ ਬਾਣੀ ਵਿਚੋਂ ਹੀ ਕੀਤੇ ਜਾਣ। ਨੂਰੀ ਜੀਵਨ ਵਾਲੇ ਨਾਲ ਕਚ-ਰੰਗੀ-ਪਾਲੇਟਿਕਸ ਦੇ ਵਿਸ਼ੇਸ਼ਣ ਸ਼ੋਭਦੇ ਨਹੀਂ। ਇਸ ਲਈ ਅਜ ਦੀ ਪੀੜ੍ਹੀ ਸਾਹਵੇਂ ਇਹ ਪ੍ਰਸ਼ਨ ਹੀ ਬਣਿਆ ਰਹੇਗਾ —

ਗੁਰੂ ਨਾਨਕ ਦੇਵ ਜੀ ... ... ... ... ?
ਕੀ ਸਨ ? ... ... ... ... ... ... ...

---

## ਜੰਡਿਆਲਾ (ਜਲੰਧਰ) ਵਿਖੇ ਸ੍ਰੀ ਅਖੰਡਪਾਠ ਤੇ ਰੈਣ-ਸਬਾਈ ਕੀਰਤਨ

ਗੁਰੂ-ਆਸਰੇ ਗੁਰਸਿਖਾਂ ਦੇ ਸਹਿਯੋਗ ਨਾਲ ਦਾਸ ਦੇ ਗ੍ਰਹਿ ਵਿਖੇ ਹੇਠ ਲਿਖੇ ਅਨੁਸਾਰ ਗੁਰਮਤਿ ਪ੍ਰੋਗਰਾਮ ਹੋ ਰਹੇ ਹਨ। ਸਮੂਹ ਗੁਰਸਿਖ ਮਾਈ ਭਾਈ ਦਰਸ਼ਨ ਦੀਦਾਰੇ ਬਖ਼ਸ਼ ਕੇ ਨਿਵਾਜੋ ਜੀ।

੬ ਮਾਰਚ ਵੀਰਵਾਰ ੬ ਵਜੇ ਸਵੇਰੇ ਅਰੰਭ ਸ੍ਰੀ ਅਖੰਡਪਾਠ
੮ ਮਾਰਚ ਸ਼ਨੀਵਾਰ ੬ ਵਜੇ ਸਵੇਰੇ ਭੋਗ ਸ੍ਰੀ ਅਖੰਡਪਾਠ, ਉਪਰੰਤ ਅਖੰਡ ਕੀਰਤਨ ਚਲੇ ਸੋ ਚਲੇ
ਸ਼ਾਮ ਨੂੰ ੭ ਵਜੇ ਅਰੰਭ ਰੈਣ-ਸਬਾਈ ਕੀਰਤਨ, ਜਿਸ ਦੀ ਸਮਾਪਤੀ ੯ ਮਾਰਚ ਐਤਵਾਰ ੬ ਵਜੇ ਹੋਵੇਗੀ। ਗੁਰੂ ਕਾ ਅਤੁਟ ਲੰਗਰ ਵਰਤੇਗਾ।

ਨੋਟ :—ਬੰਗਿਆਂ ਦੀ ਚੌਕੀ ਫਗਵਾੜਾ ਰੋਡ ਤੋਂ ਪੱਕੀ ਸੜਕ ਜਾਂਦੀ ਹੈ। ਬਸ ਸਟੈਂਡ ਅਡੇ ਤੋਂ ਸ਼ਨੀਵਾਰ ਸ਼ਾਮ ਨੂੰ ਸਤ ਵਜੇ ਸੰਗਤਾਂ ਨੂੰ ਲਿਜਾਣ ਲਈ ਟਰਾਲੀ ਚਲੇਗੀ।

ਦਰਸ਼ਨ ਅਭਿਲਾਖੀ ਦਾਸਰਾ
ਮੋਹਨ ਸਿੰਘ, ਪਿੰਡ ਜੰਡਿਆਲਾ, (ਬੰਗਾ ਦੇ ਨੇੜੇ) ਜ਼ਿਲਾ ਜਲੰਧਰ



www.AKJ.Org

# ਗੁਰਸਿਖੀ ਅਤੇ ਕੇਸ

[ ਸ: ਬਿਕਰਮ ਸਿੰਘ, ਖੋਖਰਾ, ਅਹਿਮਦਾਬਾਦ ]

ਸੰਸਾਰ ਵਿਚ ਚੇਤਨ ਅਤੇ ਜੜ੍ਹ ਦੋ ਪਦਾਰਥ ਹਨ। ਚੇਤਨ (ਜਾਨਦਾਰ ਵਸਤੂ) ਹਮੇਸ਼ਾ ਵਧਦੀ ਅਤੇ ਘਟਦੀ ਰਹਿੰਦੀ ਹੈ। ਕੇਸਾਂ ਵਿਚ ਵਧਣ ਫੁਲਣ ਦੀ ਤਾਕਤ ਹੈ। ਵਧਣਾ ਫੁਲਣਾ ਅਤੇ ਰੰਗ ਬਦਲਣਾ ਚੇਤਨ (ਜ਼ਿੰਦਾ) ਵਸਤੂ ਦਾ ਕੰਮ ਹੈ। ਕੇਸ ਗੁਸੇ ਜਾਂ ਬੀਰ ਰਸ ਸਮੇਂ ਖੜੇ ਹੋ ਜਾਂਦੇ ਹਨ। ਇਹ ਕਾਲੇ, ਭੂਰੇ, ਕਕੇ ਅਤੇ ਧੌਲੇ ਹੁੰਦੇ ਹਨ। ਆਪਣੀ ਆਯੂ ਅਨੁਸਾਰ ਅਵਸਥਾ ਅਤੇ ਰੰਗ (ਕਾਲਿਆਂ ਤੋਂ ਧੌਲੇ) ਬਦਲਦੇ ਹਨ। ਅਤੇ ਆਪਣੀ ਉਮਰ ਭੋਗ ਕੇ ਮੁਰਦਾ ਹੋ ਜਾਂਦੇ ਹਨ। ਮੁਰਦਾ ਹੋ ਚੁਕੇ ਕੇਸ ਕੰਘੇ ਨਾਲ ਸਫ਼ਾਈ ਕਰਨ ਸਮੇਂ ਆਪਣੇ ਆਪ ਨਿਕਲ ਜਾਂਦੇ ਹਨ ਅਤੇ ਹੋਰ ਨਵੇਂ ਉਗਦੇ ਰਹਿੰਦੇ ਹਨ। ਕੇਸਾਂ ਵਿਚ ਰੂਹ (ਜ਼ਿੰਦਾ ਬਿਜਲੀ) ਹੈ, ਜੋ ਕਟਣ ਸਮੇਂ ਦੁਖ ਮਹਿਸੂਸ ਕਰਦੇ ਹਨ ਅਤੇ ਕੇਸਾਂ ਦੇ ਬਹੁਤ ਸੂਖਮ ਤੇ ਬਰੀਕ ਹੋਣ ਕਾਰਨ ਸਰੀਰ ਨੂੰ ਪ੍ਰਤੀਤ ਨਹੀਂ ਹੁੰਦਾ।

ਕੇਸਾਂ ਵਿਚ ਮਨੁੱਖੀ ਸੁੰਦਰਤਾ ਹੈ। ਕੇਸਾਂ ਦਾ ਨਾਮ ਪ੍ਰਕਾਸ਼ ਹੈ। ਜਿਸ ਨੂੰ ਮਨੁੱਖੀ ਸਰੂਪ ਕਿਹਾ ਜਾ ਸਕਦਾ ਹੈ। ਇਸ ਦੀ ਪ੍ਰੀਖਿਆ ਇਕ ਰੂਪਵੰਤ ਇਸਤ੍ਰੀ ਦੇ ਵਾਲ ਕਟਣ ਤੋਂ ਹੋ ਸਕਦੀ ਹੈ। ਪੁਰਸ਼ ਦਾ ਸਿਰ ਮੂੰਹ ਮੁੰਨਾਉਣਾ ਸ਼ੋਕ ਅਤੇ ਨਿਰਾਸਤਾ ਦੇ ਪ੍ਰਤੱਖ ਨਿਸ਼ਾਨ ਗਿਣੇ ਗਏ ਹਨ।

ਸ਼ਿਵ ਜੀ, ਜਿਨ੍ਹਾਂ ਨੂੰ (ਸਭ ਦੇਵਾਂ ਦਾ ਦੇਵ) ਮਹਾਦੇਵ ਭੀ ਕਹਿੰਦੇ ਹਨ, ਸਿਆਣੇ ਉਨ੍ਹਾਂ ਦੀ ਜਟਾਂ ਰਾਹੀਂ ਪਵਿੱਤਰ ਗੰਗਾ ਨਿਕਲਦੀ ਦਰਸਾਉਂਦੇ ਹਨ। ਇਹ ਕੇਸਾਂ ਦੀ ਪਵਿਤਰਤਾ ਦਾ ਪ੍ਰਤੀਬਿੰਬ ਹੈ ਅਤੇ ਮਥੇ ਪਰ ਚੰਦਰਮਾ ਦਰਸਾਂਦੇ ਹਨ, ਜੋ ਕੇਸਾਂ ਦਾ ਪ੍ਰਕਾਸ਼ ਹੈ।

ਦਸਮੇਸ਼ ਪਿਤਾ ਨੇ ਗੁਰਸਿਖਾਂ ਦੇ ਸੀਸ ਪਰ ਅੰਕਿਤ ਸਿੰਚ—ਕੇਸਾਂ ਨੂੰ ਸੁਰਜੀਤ ਕਰ ਗੁਰਬਾਣੀ ਦਵਾਰਾ ਬੁਧੀ ਪ੍ਰਕਾਸ਼ੀ ਹੈ। ਸੋ ਇਹ ਗੁਰਬਾਣੀ ਦਵਾਰਾ ਬੁਧੀ, ਗੰਗਾ ਜਿਹੀ ਪਵਿਤ੍ਰਤਾ ਅਤੇ ਚੰਦ੍ਰਮਾ ਜਿਹਾ ਪ੍ਰਕਾਸ਼ ਕਲਗੀਧਰ ਦੀ ਕਲਯੁਗੀ ਜੀਵਾਂ ਨੂੰ ਇਕ ਮਹਾਨ ਦੇਣ ਹੈ।

ਸੰਸਾਰ ਵਿਚ ਅਜ ਕਲ੍ਹ ਇਹ ਖ਼ਿਆਲ ਵਧ ਰਿਹਾ ਹੈ ਕਿ ਕੇਸ ਤਾਂ ਸਿਰਫ਼ ਸਿਖਾਂ ਲਈ ਹਨ; ਇਹ ਇਨ੍ਹਾਂ ਦਾ ਇਕ ਧਾਰਮਿਕ ਚਿੰਨ੍ਹ ਹੈ। ਪਰ ਭੁਲੜ ਵੀਰਾਂ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਕੇਸ ਤਾਂ ਹਰ ਇਕ ਮਨੁੱਖ ਮਾਤ੍ਰ ਲਈ ਹਨ। ਇਨ੍ਹਾਂ ਦਾ ਸੰਬੰਧ ਮਨੁਖੀ ਸਰੀਰ ਨਾਲ ਹੈ। ਇਹ ਹਰ ਧਰਮ ਲਈ ਜ਼ਰੂਰੀ ਹਨ। ਸਿੱਖੀ ਤਾਂ ਸਿੱਖੀ ਰਹਿਤ ਬਹਿਤ ਵਿਚ ਹੈ। ਅਤੇ ਕੇਸਾਂ ਦੀ ਬੇਅਦਬੀ ਸਿਖਾਂ ਲਈ ਇਕ ਬਜਰ ਕੁਰਹਿਤ ਹੈ।

ਪੁਰਾਤਨ ਧਾਰਮਿਕ ਗ੍ਰੰਥ ਵੇਦ, ਪੁਰਾਣ, ਮਨੂੰ ਸਿਮ੍ਰਤੀ, ਪਰਾਸੁਰ ਸਿਮ੍ਰਤੀ, ਅੰਜੀਲ ਤੇ ਕੁਰਾਨ ਸ਼ਰੀਫ ਆਦਿ ਸਭ ਦੇ ਸਭ ਕੇਸਾਂ ਦੇ ਹੱਕ ਵਿਚ ਗਵਾਹੀ ਦਿੰਦੇ ਹਨ। ਕੁਰਾਨ ਸ਼ਰੀਫ਼ ਦੀਆਂ ਕਈ ਆਇਤਾਂ ਜੋ ਕਿ ਹਜ਼ਰਤ ਮੁਹੰਮਦ ਸਾਹਿਬ ਦੇ ਚਾਚਾ ਅਬੂਉਲ ਜਹਿਲ ਅਤੇ ਹਜ਼ਰਤ ਸਾਹਿਬ ਦੀ ਸੁਪਤਨੀ ਹਜ਼ਰਤ ਆਇਸ਼ਾਂ ਨਾਲ ਸਬੰਧਤ ਹਨ, ਤੋਂ ਪਤਾ ਲਗਦਾ ਹੈ ਕਿ ਹਜ਼ਰਤ ਸਾਹਿਬ ਦੇ ਸਮੇਂ ਪੁਰਸ਼ ਕੇਸਾਧਾਰੀ ਸੀ। ਲੂਕਾ ਦੀ ਅੰਜੀਲ ਤਾਂ ਏਥੋਂ ਤੀਕ ਕਹਿੰਦੀ ਹੈ ਕਿ ਐ ਮਨੁੱਖ, 'ਤੇਰੇ ਸਿਰ ਦੇ ਸਭ ਵਾਲ ਗਿਣੇ ਹੋਏ ਹਨ।' ਮਨੂੰ ਸਿਮ੍ਰਤੀ ਅਤੇ ਪਰਾਸੁਰ ਸਿਮਤ੍ਰੀ ਕਈ ਪ੍ਰਕਾਰ ਦੇ ਗੁਨਾਹਾਂ ਲਈ ਰਾਜਾ, ਰਾਜ-ਪੁੱਤਰ ਅਤੇ ਵੇਦਾਂ ਦੇ ਜਾਨਣ ਵਾਲੇ ਨੂੰ ਫਾਂਸੀ ਦੇ ਬਦਲੇ ਸਿਰ ਮੁੰਡਾਉਣ ਦੀ ਸਜ਼ਾ ਦਾ ਵਰਨਣ ਕਰਦੀਆਂ ਹਨ। ਜਿਸ ਤੋਂ ਸਿੱਧ ਹੁੰਦਾ ਹੈ ਕਿ ਸਿਰ ਮੁੰਡਾਉਣਾ ਮੌਤ ਦੀ ਸਜ਼ਾ ਦੇ ਬਰਾਬਰ ਹੈ।

ਹਿੰਦੂ ਧਰਮ ਵਿਚ ਨਵਰਾਤਿਆਂ—ਸ਼ਰਾਧਾਂ ਜਾਂ ਕਿਸੇ ਨੂੰ ਮਾਤਾ (ਚੀਚਕ) ਨਿਕਲੀ ਹੋਵੇ, ਅਤੇ ਮੁਸਲਮਾਨ ਰੋਜ਼ਿਆਂ ਅਤੇ ਹੱਜ ਦੇ ਦਿਨਾਂ ਵਿਚ ਹਜਾਮਤ ਨਹੀਂ ਕਰਾਉਂਦੇ। ਇਸ ਤੋਂ ਸਿਧ ਹੁੰਦਾ ਹੈ ਕਿ ਕੇਸ ਕਟਾਣੇ ਮਹਾਨ ਪਾਪ ਅਤੇ ਅਧਰਮ ਹੈ। ਕੇਸ ਮੁੰਡਾਉਣਾ ਸ਼ੋਕ ਦਾ ਨਿਸ਼ਾਨ ਹੈ, ਨਾ ਕਿ ਖ਼ੁਸ਼ੀ ਦਾ।

ਗੁਰੂ ਨਾਨਕ, ਗੁਰੂ ਅਰਜਨ, ਭਗਤ ਕਬੀਰ ਅਤੇ ਭਗਤ ਨਾਮ ਦੇਵ (ਹੋਰ ਅਨੇਕ ਆਗੂਆਂ) ਨੇ ਆਪਣੀ ਬਾਣੀ ਦੁਆਰਾ ਰਬ ਦੀ ਸ਼ਕਲ ਅਨੇਕਾਂ ਟਿਕਾਣੇ



www.AKJ.Org

ਕੇਸਾ-ਧਾਰੀ ਦਰਸਾਈ ਹੈ। ਜਿਹਾ ਕਿ—

੧. ਸੋਹਣੇ ਨਕ ਜਿਨ ਲੰਮੜੇ ਵਾਲਾ। (ਗੁਰੂ ਨਾਨਕ)

੨. ਕੇਸ਼ਵ (ਕੇਸਾਂ ਵਾਲਾ) ਚਲਤ ਕਰੈ ਨਿਰਾਲੇ। (ਗੁਰੂ ਅਰਜਨ)

੩. ਮੇਰੇ ਬਾਪ ਮਾਧਉ ਤੂੰ ਧੰਨ ਕੇਸੋ। (ਨਾਮ ਦੇਵ ਜੀ)

੪. ਕੇਸੋ ਕੇਸੋ ਕੂਕੀਐ......। (ਕਬੀਰ ਜੀ)

ਖ਼ਾਲਸੇ (ਸਿੰਘ) ਕੇਸਾਂ ਨਾਲ ਹੀ ਜ਼ਿੰਦਾ ਹਨ। ਕੇਸਾਂ ਦੇ ਪ੍ਰਤਾਪ ਨਾਲ ਹੀ ਇਕ ਇਕ ਖ਼ਾਲਸਾ ਲਖਾਂ ਧਰਮ-ਹੀਣਾਂ ਉਤੇ ਭਾਰੂ ਹੁੰਦਾ ਹੈ। ਬ੍ਰਾਹਮਣਾਂ ਅਤੇ ਵਿਦਵਾਨਾਂ ਦੇ ਦੋਖੀਆਂ (ਸ਼ੂਦਰ ਰਾਜਾ ਨੰਦ ਜੈਸੇ) ਨੂੰ ਇਹਨਾਂ ਦਾ ਸਿਰ ਮੁੰਨੋਂ ਇਹਨਾਂ ਨੂੰ ਦਬਾਉ ਵਿਚ ਲੈ ਆਂਦਾ। ਹੁਣ ਭਾਵੇਂ ਕੋਈ ਕਿੰਨਾ ਭੀ ਮਹਾਨ ਮਹਾਤਮਾ ਕਿਉਂ ਨ ਹੋਵੇ, ਪ੍ਰੰਤੂ ਪੁਰਾਣੇ ਜਟਾਜੂਟ ਰਿਸ਼ੀਆਂ ਜਿਹਾ ਹੋਣਾ ਅਸੰਭਵ ਹੈ, ਜਿਨ੍ਹਾਂ ਦੇ ਰਚਿਤ ਵੇਦ, ਸ਼ਾਸਤ੍ਰ ਅਤੇ ਪੁਰਾਣ ਆਦਿ ਰਹਿੰਦੀ ਦੁਨੀਆ ਤੀਕ ਰੋਸ਼ਨੀ ਅੰਤੇ ਪ੍ਰਕਾਸ਼ ਦਾ ਸੋਮਾ ਬਣੇ ਰਹਿਣਗੇ।

ਸਿਖ ਹੋਰ ਚਾਹੇ ਕਿਤਨੇ ਭੀ ਮੰਦ ਕਰਮ ਕਰੇ, ਉਸ ਦੇ ਸੁਧਰਨ ਦੀ ਆਸ ਹੋ ਸਕਦੀ ਹੈ। ਪਰ ਕੇਸ-ਹੀਣ 'ਸਿਰ ਗੁੰਮ' ਹੁੰਦਾ ਹੈ। ਅਤੇ ਉਹਨਾਂ ਸਬੰਧੀ 'ਸਿਰ ਗੁੰਮਨ ਕੇ ਮੁਖ ਨਹੀ ਲਾਗੋ' ਗੁਰੂ ਕਾ ਹੁਕਮ ਹੈ।

ਕਈ ਭੁਲੜਾਂ ਦਾ ਕਹਿਣਾ ਹੈ ਕਿ ਸਿਖੀ ਕੋਈ ਕੇਸਾਂ ਵਿਚ ਵੜੀ ਪਈ ਹੈ, ਸਿਖੀ ਤਾਂ ਮਨ ਦੀ ਹੈ। ਇਹ ਇਕ ਵਡੀ ਭੁਲ ਹੈ। ਕੇਸਾਂ ਤੋਂ ਪਤਿਤ ਹੋਣਾ ਇਕ ਬਜਰ ਕੁਰਹਿਤ ਹੈ। ਉਹ ਖਾਲਸੇ ਦੀ ਅਰਦਾਸ 'ਸਿਖੀ ਕੇਸਾਂ ਸਵਾਸਾਂ ਸੰਗ ਨਿਭਾਉਣਾ' ਨੂੰ ਭੁਲ ਜਾਂਦੇ ਹਨ। ਉਹ ਕਲਗੀਧਰ ਦੇ ਫੁਰਮਾਨ 'ਰਹਿਣੀ ਰਹੇ ਸੋਈ ਸਿਖ ਮੇਰਾ' ਤੋਂ ਦੂਰ ਜਾ, ਕਿਵੇਂ ਗੁਰਸਿਖੀ ਦਾ ਦਾਅਵਾ ਕਰ ਸਕਦੇ ਹਨ।

ਧਿਆਨ ਨਾਲ ਸੋਚਣ ਵਾਲੀ ਗੱਲ ਹੈ ਕਿ ਕੋਈ ਮੋਮਿਨ ਸੁੰਨਤ ਅਤੇ ਸੂਰ ਦੇ ਮਾਸ ਤੋਂ ਪ੍ਰਹੇਜ਼ ਸਬੰਧੀ ਜਾਂ ਕੋਈ ਹਿੰਦੂ ਗਊ ਮਾਸ ਦੀ ਸ਼ਰਤ ਨੂੰ ਫ਼ਜ਼ੂਲ ਨਹੀਂ ਕਹਿ ਸਕਦਾ। ਸਿਰਫ਼ ਆਤਮ-ਘਾਤੀਏ ਸਿਖ ਜਿਨ੍ਹਾਂ ਦੀ ਆਤਮਾ ਸਿਖੀ ਮਾਰਗ ਤੋਂ ਅਡਰਾ ਕੰਮ ਕਰਦੀ ਹੈ, ਇਸ ਤਰ੍ਹਾਂ ਦੀ ਫ਼ਜ਼ੂਲ ਗੱਲ ਮੂੰਹੋਂ ਕਢਦੇ ਹਨ। ਗੁਰਸਿਖ ਦਾ ਪਰਮ ਧਰਮ ਹੈ ਕਿ ਉਹ ਗੁਰਮਤਿ ਤੋਂ ਵਿਰੁਧ ਕੋਈ ਗੱਲ ਨਾ ਸੁਣੇ ਅਤੇ ਨਾ ਕਰੇ।

ਕਈ ਹਠ-ਧਰਮੀ ਹੁਜਤ ਕਰਦੇ ਹਨ ਕਿ ਜੇਕਰ ਕੇਸ ਸਰੀਰਕ ਅੰਗ ਹਨ, ਤਦ ਨੌਂਹ ਭੀ ਤਾਂ ਸਰੀਰਕ ਅੰਗ ਹਨ, ਇਹ ਕਿਉਂ ਕਟੇ ਜਾਂਦੇ ਹਨ। ਇਹ ਇਕ ਫ਼ੋਕੀ ਅਤੇ ਵਜੂਦ ਬਗ਼ੈਰ ਦੀ ਦਲੀਲ ਹੈ। ਜਿਵੇਂ ਕਿ ਪਹਿਲਾਂ ਦਸਿਆ ਗਿਆ ਹੈ ਕਿ ਕੇਸ (ਚੇਤਨ) ਜ਼ਿੰਦਾ ਵਸਤੂ ਹਨ ਅਤੇ ਆਪਣੀ ਉਮਰ ਆਯੂ ਭੋਗ ਕੇ ਮੁਰਦਾ ਹੋ ਜਾਂਦੇ ਹਨ, ਜੋ ਕਿ ਕੇਸਾਂ ਦੀ ਸਫ਼ਾਈ ਸਮੇਂ ਕੰਘੇ ਨਾਲ ਨਿਕਲ ਜਾਂਦੇ ਹਨ।

ਏਸੇ ਤਰ੍ਹਾਂ ਨੌਂਹ ਭੀ ਸਰੀਰਕ ਅੰਗ ਹਨ। ਉਂਗਲਾਂ ਅਤੇ ਪੈਰਾਂ ਦੇ ਪੋਟੇ ਇਨ੍ਹਾਂ ਸਿਵਾਏ ਕੰਮ ਕਰਨੋਂ ਅਸਮਰਥ ਹੁੰਦੇ ਹਨ। ਇਨ੍ਹਾਂ ਵਿਚ ਹਮੇਸ਼ਾ ਲਹੂ ਦੌਰਾ ਕਰਦਾ ਹੈ। ਜਿਸ ਹਿਸੇ ਵਿਚ ਲਹੂ ਦੌਰਾ ਨਾ ਕਰੇ, ਉਹ ਸੁਕ ਕੇ ਮੁਰਦਾ ਹੋ ਜਾਂਦੇ ਹਨ। ਸੋ ਸਿਧ ਹੋਇਆ ਕਿ ਨੌਂਹਾਂ ਦੇ ਦੋ ਹਿਸੇ ਹਨ। ਇਕ ਜਾਨਦਾਰ ਜਿਸ ਵਿਚ ਲਹੂ ਹਰਕਤ ਕਰਦਾ ਹੈ ਅਤੇ ਦੂਜਾ ਮੁਰਦਾ ਜਿਨ੍ਹਾਂ ਵਿਚੋਂ ਲਹੂ ਦਾ ਦੌਰਾ ਬੰਦ ਹੋ ਚੁਕਾ ਹੁੰਦਾ ਹੈ। ਸੋ ਇਨ੍ਹਾਂ ਮੁਰਦਾ ਨੌਂਹਾਂ ਦੀ ਸਫ਼ਾਈ ਅਤੀ ਜ਼ਰੂਰੀ ਹੈ। ਵਰਨਾ ਇਹ ਨਿਕੰਮੇ ਮੁਰਦਾ ਨੌਂਹ ਬੇਢੱਬੇ ਟੁਟ ਕੇ ਜਾਂ ਫਟ ਕੇ ਸਰੀਰ ਨੂੰ ਦੁਖ ਦਿੰਦੇ ਹਨ ਅਤੇ ਉਨ੍ਹਾਂ ਵਿਚ ਮੈਲ ਜਾਂ ਕੋਈ ਚੀਜ਼ ਫਸ ਜਾਂਦੀ ਹੈ। ਸੋ ਇਨ੍ਹਾਂ ਦੀ ਦਰੁਸਤੀ ਲਈ ਕਿਸੇ ਤੇਜ਼ ਚੀਜ਼ ਨਾਲ ਕੱਟ ਦੇਣਾ ਹੀ ਉਚਿਤ ਹੈ।

ਨੌਂਹ ਤਾਂ ਅਸਲ ਵਿਚ ਪੋਟਿਆਂ ਨਾਲ ਲਹੂ ਵਾਲਾ ਹਿਸਾ ਹੈ। ਉਹ ਤਾਂ ਉਤਾਰਿਆ ਨਹੀਂ ਜਾ ਸਕਦਾ। ਜੋ ਉਤਾਰਿਆ (ਕਟਿਆ) ਜਾਂਦਾ ਹੈ ਉਹ ਸਿਰਫ਼ ਮੁਰਦਾ ਹਿਸਾ ਹੀ ਹੁੰਦਾ ਹੈ।

ਮਨੁਖ ਦੀ ਸ਼ਕਲ ਜੋ ਕਰਤਾਰ ਨੇ ਬਣਾਈ ਹੈ, ਇਸ ਪਰ ਇਤਰਾਜ਼ ਕਰਨਾ ਜਾਂ ਉਸ ਨੂੰ ਵਿਗਾੜਨਾ ਸਾਜਣਹਾਰ ਦੀ ਨਿੰਦਾ ਕਰਨਾ ਹੈ। ਕਰਤਾਰ ਨੇ ਹਰ ਇਕ ਜੀਵ ਮਾਤ੍ਰ ਨੂੰ ਅਕਲ, ਸ਼ਕਲ ਅਤੇ ਅੰਗ ਯੋਗ ਅਤੇ ਲੋੜ ਅਨੁਸਾਰ ਦਿਤੇ ਹਨ, ਪਰ ਮਨੁੱਖ ਜਿਸ ਨੂੰ ਅਸ਼ਰੁਫ਼ੱਲ ਮਖ਼ਲੂਕਾਤ (ਸਭ ਜੂਨਾਂ ਦਾ ਸਰਦਾਰ) ਬਣਾਇਆ ਹੈ, ਇਸ ਦੀ ਅਕਲ ਭੌਂ ਗਈ ਹੈ, ਜੋ ਮਨੁਖੀ ਸ਼ਕਲ ਨੂੰ



www.AKJ.Org

ਗਲਤ ਕਹਿ, ਕਰਤਾਰ ਦੀ ਭੁਲ ਕੱਢਣ ਅਤੇ ਦਾੜ੍ਹੀ ਕੇਸਾਂ ਦੀ ਮੁੰਡਾਈ ਕਰਨ ਪਰ ਹਮੇਸ਼ਾ ਲਗਿਆ ਰਹਿੰਦਾ ਹੈ।

ਅੰਤ ਮਨੁੱਖ ਕੇਸ ਮੁੰਡਾ ਮੁੰਡਾ ਕੇ ਹਾਰ ਜਾਂਦਾ ਹੈ ਅਰ ਮੌਤ ਆ ਜਾਂਦੀ ਹੈ। ਪਰੰਤੂ ਕੁਦਰਤ ਆਪਣਾ ਕੰਮ ਕਰੀ ਜਾਂਦੀ ਹੈ। ਅਤੇ ਨਿਤ ਨਵੇਂ ਕੇਸ ਪੈਦਾ ਕਰਦੀ ਰਹਿੰਦੀ ਹੈ।

ਕਾਦਰ ਦੀ ਕੁਦਰਤ ਅੰਨ੍ਹੇਵਾਹ ਨਹੀਂ ਚਲਦੀ। ਉਸ ਦਾ ਕੋਈ ਅਸੂਲ ਅਤੇ ਮਨੋਰਥ ਹੈ। ਜਿਸ ਤਰ੍ਹਾਂ ਮਨੁੱਖੀ ਸਰੀਰ ਅੰਦਰ ਬਹੱਤਰ ਹਜ਼ਾਰ ਬਰੀਕ ਨਾੜੀਆਂ ਦਾ ਜਾਲ ਵਿਛਿਆ ਪਿਆ ਹੈ, ਉਸ ਸਰਵੱਤ ਦੀ ਜੜ੍ਹਾਂ ਸਰੂਪ ਕੇਸ ਭੀ ਹਨ, ਜਿਨ੍ਹਾਂ ਦਾ ਕਿ ਸਰੀਰ ਦੇ ਹਰ ਅੰਗ ਨਾਲ ਸਬੰਧ ਹੈ।

ਵੇਦਾਂ ਸ਼ਾਸਤਰਾਂ ਅਤੇ ਹੋਰ ਧਾਰਮਿਕ ਗ੍ਰੰਥਾਂ ਅਨੁਸਾਰ ਪੁਰਾਤਨ ਸਮੇਂ ਵਿਚ ਜਿਸ ਨੂੰ ਮੌਤ ਦੀ ਸਜ਼ਾ ਦੇਣੀ ਹੁੰਦੀ, ਉਸ ਦੇ ਕੇਸ ਕਟ ਦਿਤੇ ਜਾਂਦੇ। ਅਤੇ, ਉਹ ਦਸਮ ਦੁਆਰ ਪਰ ਬੋਦੀ ਰਖ ਕੇ ਦਿਲ ਨੂੰ ਧਰਵਾਸਾ ਦਿੰਦਾ ਸੀ। ਏਸ ਤਰ੍ਹਾਂ ਉਸ ਨੂੰ ਆਤਮਿਕ ਅਤੇ ਸਰੀਰਕ ਸ਼ਕਤੀਆਂ ਤੋਂ ਵੰਚਤ, ਬੀਰਤਾ ਅਤੇ ਰਬੀ ਨੂਰ ਤੋਂ ਹੀਣਾ ਕਰ ਸ਼ਰਮ ਵਿਚ ਪਾਇਆ ਜਾਂਦਾ ਸੀ।

ਇਹ ਗਿਰਾਉ ਮਹਾ ਭਾਰਤ ਮਗਰੋਂ ਸੂਦਰ ਰਾਜੇ ਨੰਦ ਤੋਂ ਵਧ ਗਿਆ। ਏਸ ਨੇ ਆਪਣੇ ਰਾਜ ਦੇ ਸਭ ਵਿਦਵਾਨਾਂ, ਪੰਡਤਾਂ ਅਤੇ ਵੀਰ ਪੁਰਸ਼ਾਂ ਨੂੰ ਦਕਸ਼ਣਾ ਦੇਣ ਬਹਾਨੇ ਇਕੱਠਾ ਕਰ ਧੋਖੇ ਨਾਲ ਕੇਸ-ਹੀਣ ਕਰ ਦਿਤਾ ਅਤੇ ਏਸ ਤਰ੍ਹਾਂ ਆਪਣੇ ਦਬਾਉ ਤਲੇ ਲਿਆਂਦਾ। ਇਨ੍ਹਾਂ ਕੇਸ-ਹੀਣ ਮਨੁੱਖਾਂ ਨੂੰ ਵੇਖ ਇਕ ਭੇਡ-ਚਾਲ ਚਲ ਪਈ ਅਤੇ ਇਹ ਆਦਤ ਏਨੀ ਵਧ ਗਈ ਕਿ ਸਮਾਂ ਆ ਗਿਆ ਕਿ ਕੇਸ ਰਖਣੇ ਮੌਤ, ਅਤੇ ਸਿਰ ਮੂੰਹ ਮੁੰਡਾਣਾ ਸਵਰਗ ਭਾਸਣ ਲਗ ਪਿਆ। ਇਹ ਹੈ ਕਲੀਕਾਲ ਦਾ ਪ੍ਰਭਾਵ ਕਿ ਚੰਗੀ ਚੀਜ਼ ਨੂੰ ਮਾੜਾ ਅਤੇ ਮਾੜੀ ਨੂੰ ਚੰਗਾ ਕਿਹਾ ਜਾਂਦਾ ਹੈ। ਜਿਵੇਂ ਕਿ ਗੁਰੂ ਨਾਨਕ ਮਹਾਰਾਜ ਦਾ ਕਥਨ ਹੈ ਕਿ :—

'ਖੋਟੇ ਕਉ ਖਰਾ ਕਹੈ, ਖਰੇ ਸਾਰ ਨ ਜਾਣੈ।'

ਯਾ ਫਿਰ ਕਿਸੇ ਸ਼ਾਇਰ ਦੇ ਕਥਨ ਅਨੁਸਾਰ :—

'ਅੱਛੇ ਕੋ ਬੁਰਾ ਸਾਬਤ ਕਰਨਾ—
ਦੁਨੀਆ ਕੀ ਪੁਰਾਨੀ ਆਦਿਤ ਹੈ।'

ਇਤਿਹਾਸ ਦੇ ਵਰਕੇ ਫੋਲਣ ਨਾਲ ਪਤਾ ਲਗਦਾ ਹੈ ਕਿ ਆਦਿ ਜੁਗਾਦਿ ਤੋਂ ਦੇਵਤੇ, ਪੈਗੰਬਰ, ਕਵੀ, ਫਿਲਾਸਫ਼ਰ ਅਤੇ ਸਾਇੰਸਦਾਨ ਜਿਵੇਂ ਕਿ ਬ੍ਰਹਮਾ, ਵਿਸ਼ਨੂੰ, ਸ਼ਿਵ ਜੀ, ਕੰਸ, ਭਗਵਾਨ ਰਾਮ ਅਤੇ ਕ੍ਰਿਸ਼ਨ, ਆਦਮ, ਮੂਸਾ, ਹਜ਼ਰਤ ਮੁਹੰਮਦ, ਖ਼ੁਦਾਵੰਦ ਯਸੂ ਮਸੀਹ, ਸੁਕਰਾਤ, ਹੋਮਰ, ਬਰਨਾਰਡ ਸ਼ਾਅ ਅਤੇ ਟੈਗੋਰ ਆਦਿ ਸਭ ਕੇਸਾਧਾਰੀ ਸਨ।

## ਗੁਰਸਿਖੀ ਦੀ ਪਹਿਲੀ ਪਉੜੀ
## ਕੇਸਧਾਰੀ ਹੋਣਾ ਹੈ :—

ਖ਼ਾਲਸਾ ਪੰਥ ਦੀ ਨੀਂਹ ਕੇਸਾਂ ਪਰ ਹੈ। ਕੇਸ-ਹੀਣ ਖ਼ਾਲਸਾ ਨਹੀਂ ਹੋ ਸਕਦਾ। ਕਲਗੀਧਰ ਨੇ ਕੇਸਾਂ ਲਈ ਕੇਸ-ਗੜ੍ਹ—'ਕੇਸ-ਰਖਯਕ-ਕਿਲ੍ਹਾ' ਤਿਆਰ ਕਰ ਐਲਾਨ ਕੀਤਾ ਕਿ 'ਕੇਸਾਂ ਦਾ ਕਾਤਲ' ਗੁਰਸਿਖੀ ਤੋਂ ਪਤਿਤ ਭਾਵ ਖ਼ਾਰਜ ਹੈ। ਉਹ ਮੁੜ ਅੰਮ੍ਰਿਤ ਪਾਨ ਕਰ ਕੇ ਹੀ ਖ਼ਾਲਸਾ ਪੰਥ ਵਿਚ ਸ਼ਾਮਲ ਹੋ ਸਕਦਾ ਹੈ ਅਤੇ ਸੰਪੂਰਨ ਰਹਿਤ ਨਾਲ ਹੀ ਗੁਰਸਿਖੀ ਦੀ ਪਦਵੀ ਪ੍ਰਾਪਤ ਕਰ ਸਕਦਾ ਹੈ।

ਪੰਜ ਪਿਆਰਿਆਂ ਨੇ ਆਪਣੇ ਸੀਸਾਂ ਦੀ ਭੇਟ ਦੇ, ਗੁਰੂ ਕਲਗੀਧਰ ਤੋਂ ਕੇਸਾਂ ਦੀ ਦਾਤ ਪ੍ਰਾਪਤ ਕੀਤੀ।

ਗੁਰਸਿਖ ਤਾਂ ਸਿਖੀ ਰਹਿਤ ਬਹਿਤ ਅਤੇ ਸਿਖੀ ਕੇਸਾਂ ਸਵਾਸਾਂ ਸੰਗ ਨਿਭਾਉਣ ਲਈ ਹੀ ਅਰਦਾਸ ਕਰਦਾ ਹੈ। ਏਸੇ ਰਹਿਤ ਬਹਿਤ ਦਾ ਸਦਕਾ ਸਾਡੇ ਸਾਹਮਣੇ ਭਾਈ ਤਾਰੂ ਸਿੰਘ, ਬੰਦਾ ਬਹਾਦੁਰ, ਬਾਬਾ ਦੀਪ ਸਿੰਘ, ਭਾਈ ਮਨੀ ਸਿੰਘ ਬੁਧੀਮਾਨ ਅਤੇ ਅਕਾਲੀ ਫੂਲਾ ਸਿੰਘ ਆਦਿ ਦੀਆਂ ਮਹਾਨ ਜੀਵਨੀਆਂ ਚਾਨਣ-ਮੁਨਾਰਾ ਬਣ ਕੇ ਰਹਿਣਗੀਆਂ। ਅਤੇ ਰਹਿੰਦੀ ਦੁਨੀਆ ਤੀਕ ਇਹ ਜੀਵਨੀਆਂ ਗੁਰਸਿਖਾਂ ਲਈ ਜੀਵਨ-ਜਾਚ ਅਤੇ ਮਾਰਗ ਦਰਸ਼ਨ ਦਿੰਦੀਆਂ ਰਹਿਣਗੀਆਂ।

ਅਜ ਦਿਨੋ ਦਿਨ ਵਧ ਰਹੀ ਸਾਇੰਸ ਅਤੇ ਬਿਨ-ਸੰਪ੍ਰਦਾਇਕਤਾ ਦੇ ਯੁੱਗ ਦੀ ਉਗਦੀ ਪਨੀਰੀ ਦੇ ਲਾਭ ਹਿਤ ਸਿਖ ਮਿਸ਼ਨਾਂ ਅਤੇ ਗੁਰਸਿਖ ਮਾਪਿਆਂ ਦਾ ਫ਼ਰਜ਼ ਬਣਦਾ ਹੈ ਕਿ ਆਪਣੇ ਬੱਚਿਆਂ ਨੂੰ ਗੁਰਸਿਖ ਜੀਵਨੀਆਂ ਤੋਂ ਜਾਣੂ ਕਰਾ, ਗੁਰਸਿਖੀ ਮਾਰਗ ਅਤੇ ਰਹਿਤ ਦਾ ਪ੍ਰਕਾਸ਼ ਕਰਾਉਣ।



www.AKJ.Org

# ਕੇਸਾਂ ਦੀ ਮਹਾਨਤਾ

[ ਵਲੋਂ--ਗਿਆਨੀ ਗੋਪਾਲ ਸਿੰਘ ਜੀ 'ਮਿੱਤਰ', ਮਾਲਬ, ਜ਼ਿਲਾ ਗੁੜਗਾਉਂ ]

ਰੋਮ ਦਾਤ ਅਮੋਲਕ ਹਨ ਰੱਬ ਜੀ ਦੀ, ਪੈਦਾ ਆਪ ਹੀ ਉਹ ਸਿਰਜਣਹਾਰ ਕਰਦੈ ।
ਆਤਮ-ਬਲ ਦਾ ਸੋਮਾ ਹਨ ਕੇਸ ਸੁੰਦਰ, ਸੋਹਣੀ ਰਚਨਾ ਇਹ ਆਪ ਕਰਤਾਰ ਕਰਦੈ ।
ਭਰੀ ਕੇਸਾਂ ਦੇ ਵਿਚ ਆਕਰਖ-ਸ਼ਕਤੀ, ਉਚ ਵਿਚਾਰ ਦਿਮਾਗ਼ ਤਿਆਰ ਕਰਦੈ ।
ਪਾਵਰ-ਹਾਊਸ ਮਨ ਦਾ ਲੰਬੇ ਕੇਸ ਸੋਹਣੇ, ਸਾਇੰਸ ਫ਼ਲਸਫ਼ਾ ਜਿਸਦਾ ਇਜ਼ਹਾਰ ਕਰਦੈ ।੧।

ਬਰਕਤ ਕੇਸਾਂ ਦੀ ਨਾਲ ਹੀ ਮਨ ਅੰਦਰ, ਸ਼ੁਭ ਗੁਣਾਂ ਦਾ ਮਾਣ ਪ੍ਰਕਾਸ਼ ਹੁੰਦੈ ।
ਸੁੱਤੀ ਸੁਰਤ ਜਾਗੇ, ਲਿਵ-ਤਾਰ ਬੱਝੇ, ਹਿਰਦੇ ਵਿਚ ਆ ਨਾਮ ਨਿਵਾਸ ਹੁੰਦੈ ।
ਸ਼ੁਭ ਮਤਿ, ਸ਼ੁਭ ਪ੍ਰੇਰਨਾ ਕੇਸ ਦੇਂਦੇ, ਹਰਦਮ ਖੇੜਾ ਉਮਾਹ ਵਿਗਾਸ ਹੁੰਦੈ ।
ਉਚ ਆਚਰਨ, ਵਿਚਾਰ, ਵਿਹਾਰ ਉੱਚੇ, ਸਫਲ ਬੰਦੇ ਦਾ ਹਰ ਇਕ ਸੁਆਸ ਹੁੰਦੈ ।੨।

ਬੀਤੇ ਸਮੇਂ ਤੇ ਜਦੋਂ ਹੈ ਨਜ਼ਰ ਪੈਂਦੀ, ਰਿਸ਼ੀ, ਮੁਨੀ, ਅਵਤਾਰਾਂ ਦੇ ਕੇਸ ਦਿਸਦੇ ।
ਸਾਬਤ ਸੂਰਤ ਪਰਮਾਤਮਾ ਆਪ ਕੇਸ਼ਵ, ਕੇਸ-ਧਾਰੀ ਬ੍ਰਹਮਾ, ਸ਼ਿਵ, ਮਹੇਸ਼ ਦਿਸਦੇ ।
ਵਿਸ਼ਵਾ ਮਿਤ੍ਰ, ਵਸਿਸ਼ਟ ਤੇ ਰਾਮ-ਲਛਮਣ, ਕੇਸਾਂ ਵਾਲਿਆਂ ਦੇ ਸੋਹਣੇ ਵੇਸ ਦਿਸਦੇ ।
ਹੋਇਆ ਕ੍ਰਿਸ਼ਨ-ਕਨਈਆ ਵੀ ਕੇਸ-ਧਾਰੀ, ਕੇਸਾਂ ਵਾਲੇ ਹੀ ਸਾਰੇ ਨਰੇਸ਼ ਦਿਸਦੇ ।੩।

ਜੀਵਨ ਕ੍ਰਿਸ਼ਨ ਦਾ ਵਾਚ ਕੇ ਵੇਖੀਏ ਜੇ, ਕੰਸ ਕੇਸਾਂ ਤੋਂ ਪਕੜ ਪਟਕਾਰਿਆ ਸੀ ।
ਫੜਿਆ ਜਦੋਂ ਰੁਕਮਣ ਵੀਰ ਰੁਕਮਣੀ ਦਾ, ਜੂੜਾ ਕਟ ਕੇ ਉਸਨੂੰ ਫਿਟਕਾਰਿਆ ਸੀ ।
ਉਗ੍ਰਸੈਨ, ਬਲਭਦ੍ਰ, ਸਭ ਕੇਸ-ਧਾਰੀ, ਰੱਬੀ ਰੂਪ ਸੁੰਦਰ ਜਿਨ੍ਹਾਂ ਧਾਰਿਆ ਸੀ ।
ਦ੍ਰੋਣਾ-ਚਾਰਯ ਜਹੇ ਵੀਰ ਵਿਦਵਾਨ ਨੇ ਵੀ, ਕੇਸਾਂ ਨਾਲ ਸਰੀਰ ਸ਼ਿੰਗਾਰਿਆ ਸੀ ।੪।

ਦਸਰਥ, ਜਨਕ ਰਾਜੇ, ਬੁਧ ਵਰਗਿਆਂ ਨੇ, ਸੋਹਣੇ ਕੇਸਾਂ ਦੇ ਤਾਈਂ ਸਤਕਾਰਿਆ ਏ ।
ਈਸਾ, ਹਜ਼ਰਤ ਮੁਹੰਮਦ ਸਨ ਕੇਸ-ਧਾਰੀ, ਉਨ੍ਹਾਂ ਕੇਸਾਂ ਦਾ ਰਹੱਸਯ ਪਰਚਾਰਿਆ ਏ ।
ਕੇਸ-ਧਾਰੀ ਲੁਕਮਾਨ, ਸੁਕਰਾਤ ਹੋਏ, ਔਸ਼ਧਿ ਫ਼ਲਸਫ਼ਾ ਜਿਨ੍ਹਾਂ ਵਿਚਾਰਿਆ ਏ ।
ਮਹਾਂ ਕਵੀ ਵਿਦਵਾਨ ਟੈਗੋਰ ਵੇਖੋ, ਸੀਸ ਕੇਸਾਂ ਦੇ ਨਾਲ ਸਵਾਰਿਆ ਏ ।੫।

ਨਾਨਕ ਗੁਰੂ ਤੋਂ ਲੈ ਦਸਾਂ ਜਾਮਿਆਂ ਤਕ ਕੇਸ ਧਾਰੀ ਹੀ ਗੁਰੂ ਅਵਤਾਰ ਹੋਏ ।
ਬਾਬਾ ਬੁੱਢਾ, ਗੁਰਦਾਸ ਜੀ ਕੇਸ-ਧਾਰੀ, ਪਰਵਾਨ ਜੋ ਸਤਿਗੁਰੂ ਦਰਬਾਰ ਹੋਏ ।
ਕੇਸ-ਧਾਰੀ ਨੰਦ ਲਾਲ ਜਹੇ ਕਵੀ ਸੋਹਣੇ, ਗੁਰੂ ਪਿਆਰਿਆਂ ਵਿਚ ਸ਼ੁਮਾਰ ਹੋਏ ।
ਪਿਆਰੇ ਨਿਤਰੇ ਸਨ ਤੇਗ ਦੀ ਧਾਰ ਵਿਚੋਂ, ਕੇਸਾਂ ਕਾਰਨ ਹੀ ਪੰਜ ਤਿਆਰ ਹੋਏ ।੬।

ਕੇਸ ਦਾੜ੍ਹੇ ਨੂੰ ਧਾਰ ਮਨੁਖ 'ਮਿੱਤਰ', ਰੂਪ ਕੁਦਰਤੀ ਬਾਂਕਾ ਸਰਦਾਰ ਦਿਸਦੈ ।
ਸੁੰਦਰ ਸੀਸ ਤੇ ਸੋਹਣੀ ਦਸਤਾਰ ਸੋਹੇ, ਪੂਰਨ ਪੁਰਖ ਪਰਤਾਪੀ ਸਾਕਾਰ ਦਿਸਦੈ ।
ਕਲਗੀ ਵਾਲੇ ਬਖਸ਼ਿੰਦ ਦੀ ਮਿਹਰ ਦੁਆਰਾ, ਹਰ ਪਾਸੀਓਂ ਹੁੰਦਾ ਸਤਿਕਾਰ ਦਿਸਦੈ ।
ਜੀਂਦਾ ਜੀਵਨ ਉਹ ਜੀਂਵਦਾ ਜਗ ਅੰਦਰ, ਉਸ ਦੇ ਹਿਰਦੇ ਵਿਚ ਬੈਠਾ ਨਿਰੰਕਾਰ ਦਿਸਦੈ ।੭।



www.AKJ.Org

# ਖ਼ਾਲਸਾ ਜੀ ਜਾਗੋ ! ਸਮਾਂ ਸੰਭਾਲੋ

[ ਵਲੋਂ--ਗਿਆਨੀ ਗੋਪਾਲ ਸਿੰਘ ਜੀ 'ਮਿੱਤਰ', ਮਾਲਬ, ਜ਼ਿਲਾ ਗੁੜਗਾਉਂ ]

ਅਜੋਕੇ ਸਮੇਂ ਵਿਚ ਜਦਕਿ ਨੌਜੁਆਨਾਂ ਦੀਆਂ ਰੁਚੀਆਂ ਦਾ ਝੁਕਾਉ ਦਿਨ ਬਦਿਨ ਨਾਸਤਕਤਾ ਵਲ ਵਧਦਾ ਜਾ ਰਿਹਾ ਹੈ, ਲੋੜ ਹੈ ਕਿ ਇਸ ਨਵੀਂ ਪੁੰਗਰਦੀ ਪਨੀਰੀ ਨੂੰ ਸਾਇੰਟਿਫ਼ਿਕ ਦਲੀਲਾਂ ਦੁਆਰਾ ਅਧਿਆਤਮਕ ਚਾਨਣਾ ਪਾ ਕੇ ਨਾਸਤਕ-ਪੁਣੇ ਦੇ ਮਾਰੂ ਰੋਗ ਤੋਂ ਬਚਾਇਆ ਜਾਵੇ।

ਸਾਡੀ ਸਿਖ ਕੌਮ ਦੇ ਨੌ-ਨਿਹਾਲ ਤਾਂ ਵਿਸ਼ੇਸ਼ ਹੀ ਏਸ ਰਾਹ ਦੇ ਪੰਧਾਊ ਬਣ ਕੇ ਗੁਰਮਤਿ ਗੁਰਸਿਖੀ ਤੋਂ ਗੁਮਰਾਹ ਹੁੰਦੇ ਜਾ ਰਹੇ ਹਨ ਤੇ ਸਾਡੀਆਂ ਪੰਥਕ-ਜਥੇਬੰਦੀਆਂ ਵਲੋਂ ਇਨ੍ਹਾਂ ਨੂੰ ਸਿਧੇ ਰਾਹ ਤੇ ਪਾਣ ਦਾ ਕੋਈ ਠੋਸ ਉਪਰਾਲਾ ਨਹੀਂ ਕੀਤਾ ਜਾ ਰਿਹਾ।

ਗੁਰਮਤਿ ਗੁਰਸਿਖੀ ਦੇ ਗਾਡੀ ਰਾਹ ਨੂੰ ਛੱਡ ਕੇ ਪਤਿਤਤਾਈ ਦੀ ਖਡ ਵਿਚ ਡਿਗਣ ਵਾਲੇ ਨੌਜਵਾਨ ਹੋਰ ਪ੍ਰਾਂਤਾਂ ਨਾਲੋਂ ਪੰਜਾਬ ਵਿਚ ਜ਼ਿਆਦਾ ਵਧ ਰਹੇ ਹਨ। ਇਨ੍ਹਾਂ ਨਾਲ ਗੱਲ ਬਾਤ ਕਰਨ ਤੋਂ ਪਤਾ ਚਲਦਾ ਹੈ ਕਿ ਇਨ੍ਹਾਂ ਨੂੰ ਕੇਵਲ ਇਤਨੀ ਹੀ ਜਾਣਕਾਰੀ ਹੈ ਕਿ ਸਿਖਾਂ ਦੇ ਘਰਾਂ ਦੇ ਜੰਮ-ਪਲ ਹੋਣ ਦੇ ਨਾਤੇ ਅਸੀਂ ਸਿਖ ਹਾਂ, ਭਾਵੇਂ ਰੋਜ਼ ਚੜ੍ਹੇ ਸੂਰਜ ਮੂੰਹ-ਮੁਹਾਂਦਰਾ ਵਿਗਾੜਨਾ ਉਨ੍ਹਾਂ ਨੇ ਆਪਣਾ ਕਰਤਵ ਹੀ ਬਣਾ ਲਿਆ ਹੋਵੇ। ਉਨ੍ਹਾਂ ਦੇ ਖ਼ਿਆਲਾਂ ਵਿਚ ਰੋਮਾਂ ਦੀ ਬੇਅਦਬੀ ਕਰ ਕੇ ਵੀ ਸਿਖ ਅਖਵਾਇਆ ਜਾ ਸਕੀਦਾ ਹੈ।

ਆਓ ! ਇਸ ਢਹਿੰਦੀ ਕਲਾ ਵਲ ਬੱਚਿਆਂ ਦੇ ਜਾਣ ਸੰਬੰਧੀ ਖੋਜ ਕਰੀਏ ਤੇ ਕਾਰਨ ਲਭੀਏ।

ਇਹ ਅਟੱਲ ਸਚਾਈ ਹੈ ਕਿ ਬੱਚੇ ਦੇ ਮਨ ਤੇ ਪੈਣ ਵਾਲੇ ਮੁਢਲੇ ਪ੍ਰਭਾਵ ਹੀ ਉਸ ਦੀ ਮਾਨਸਕ ਅਵਸਥਾ ਬਣਾਣ ਜਾਂ ਵਿਗਾੜਨ ਵਿਚ ਜ਼ਿਆਦਾ ਸਹਾਈ ਹੁੰਦੇ ਹਨ ਤੇ ਇਹ ਪ੍ਰਭਾਵ ਮਾਤਾ-ਪਿਤਾ ਦੀ ਰੋਜ਼ਾਨਾ ਰਹਿਣੀ-ਰਹਿਤ ਵਿਚੋਂ ਹੀ ਬੱਚੇ ਨੂੰ ਪ੍ਰਾਪਤ ਹੁੰਦੇ ਹਨ; ਖ਼ਾਸ ਕਰ ਮਾਤਾਵਾਂ ਤੋਂ ਹੀ। ਜਿਹੜੀਆਂ ਮਾਵਾਂ ਬੱਚਿਆਂ ਨੂੰ 'ਸਤਿਨਾਮ-ਵਾਹਿਗੁਰੂ', 'ਧੰਨ ਗੁਰੂ ਨਾਨਕ' ਦੀਆਂ ਲੋਰੀਆਂ ਦੇ ਕੇ ਸੁਆਂਦੀਆਂ ਤੇ ਚੁਪ ਕਰਾਂਦੀਆਂ ਹਨ ਉਨ੍ਹਾਂ ਦੇ ਬੱਚਿਆਂ ਦਾ ਵੱਡੇ ਹੋ ਕੇ ਵਿਗੜ ਜਾਣ ਦਾ ਡਰ ਬਹੁਤ ਘਟ ਹੁੰਦਾ ਹੈ। ਜਿਹੜੀਆਂ ਮਾਤਾਵਾਂ ਆਪ ਅੰਮ੍ਰਿਤ ਵੇਲੇ ਉਠ ਕੇ ਗੁਰਬਾਣੀ ਪੜ੍ਹਦੀਆਂ, ਸਿਮਰਨ ਕਰਦੀਆਂ ਤੇ ਸਤਸੰਗ ਵਿਚ ਜਾਂਦੀਆਂ ਹਨ ਉਨ੍ਹਾਂ ਦੇ ਬੱਚਿਆਂ ਦੀ ਵਿਗਾੜ ਦੇ ਟੋਏ ਵਿਚ ਡਿਗਣ ਦੀ ਆਸ ਬਹੁਤ ਘਟ ਹੀ ਕੀਤੀ ਜਾ ਸਕਦੀ ਹੈ। ਜਿਹੜੇ ਮਾਤਾ ਪਿਤਾ ਆਪ ਗੁਰਮਤਿ ਲਿਟਰੇਚਰ ਪੜ੍ਹਨ ਸੁਣਨ ਦੀ ਰੁਚੀ ਵਾਲੇ ਹੁੰਦੇ ਹਨ ਉਨ੍ਹਾਂ ਦੇ ਬੱਚਿਆਂ ਵਿਚ ਸੁਤੇ ਸਿਧ ਹੀ ਅਧਿਆਤਮਕ ਲਗਨ ਸ਼ੁਰੂ ਤੋਂ ਪੈਦਾ ਹੁੰਦੀ ਤੇ ਪਰਵਾਨ ਚੜ੍ਹਦੀ ਹੈ। ਇਸ ਲਈ ਬੱਚੇ ਦਾ ਭਵਿਖ ਆਤਮਕ ਪੱਖ ਤੋਂ ਸੁਧਾਰਨ ਜਾਂ ਵਿਗਾੜਨ ਦੀ ਜ਼ਿਮੇਵਾਰੀ ਜ਼ਿਆਦਾ ਮਾਪਿਆਂ ਤੇ ਹੀ ਪੈਂਦੀ ਹੈ।

ਦੂਜਾ ਕਾਰਨ ਹੈ ਸਿਖਿਆ ਪ੍ਰਣਾਲੀ ਵਿਚ ਧਾਰਮਕ ਲਿਟ੍ਰੇਚਰ ਦੀ ਅਣਹੋਂਦ। ਇਸ ਵਿਚੋਂ ਵੀ ਬੱਚੇ ਨੇ ਕਾਫ਼ੀ ਕੁਝ ਪ੍ਰਾਪਤ ਕਰਨਾ ਹੁੰਦਾ ਹੈ। ਸ਼ੋਕ ਦੀ ਗੱਲ ਹੈ ਕਿ ਅਜ ਕਲ੍ਹ ਅਧਿਆਤਮਕ ਵਿਚਾਰਾਂ ਸੰਬੰਧੀ ਸਕੂਲਾਂ ਵਿਚ ਸਿਖਿਆ ਦੇਣ ਦਾ ਤਾਂ ਪ੍ਰਬੰਧ ਹੀ ਅਲੋਪ ਹੋ ਗਿਆ ਹੈ। ਸਰਕਾਰੀ ਸਕੂਲਾਂ, ਕਾਲਜਾਂ ਵਿਚ ਤਾਂ ਕੋਈ ਧਾਰਮਕ ਪੀਰੀਅਡ ਰਾਖਵਾਂ ਹੈ ਹੀ ਨਹੀਂ। ਰਹੇ ਪ੍ਰਾਈਵੇਟ ਸੰਸਥਾਵਾਂ ਦੇ ਸਕੂਲ ਕਾਲਜ, ਉਨ੍ਹਾਂ ਵਿਚ ਵੀ ਦਸ਼ਾ ਅਤਿ ਨਿਰਾਸ਼ਾ-ਜਨਕ ਹੈ।

ਏਸੇ ਲਈ ਤਾਂ ਅਜ ਦੇ ਨੌਜੁਆਨ ਧਾਰਮਕ ਵਿਚਾਰ-ਧਾਰਾ ਤੇ ਹਾਸੀਆਂ ਕਰਦੇ ਹੋਏ ਵਿਰੋਧੀ-ਭਾਵਾਂ ਦੀ ਆਲੋਚਨਾ ਕਰਦੇ ਹਨ ਤੇ ਆਖਦੇ ਹਨ ਕਿ 'ਸ਼ਕਲ ਸੂਰਤ ਵਿਚ ਕੀ ਪਿਆ ਹੈ, ਮਨ ਸਾਫ਼ ਹੋਣਾ ਚਾਹੀਦਾ ਹੈ।' ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਸ਼ਕਲ ਸੂਰਤ ਦਾ ਪ੍ਰਤਿਬਿੰਬ ਹੀ ਮਨ ਤੇ ਪੈ ਕੇ ਨਿਰਮਲ ਜਾਂ ਮੈਲੇ ਸੰਸਕਾਰ ਵਿਚਾਰ ਬਣਾਣ ਵਿਚ ਸਹਾਈ ਹੁੰਦਾ ਹੈ। ਉਨ੍ਹਾਂ ਦੇ ਮਨ ਵਿਚ ਇਹ ਦ੍ਰਿੜ੍ਹ ਵਿਸ਼ਵਾਸ ਨਹੀਂ ਕਿ "ਸਾਬਤ ਸੂਰਤਿ ਦਸਤਾਰ ਸਿਰਾ" ਸਿੱਖ ਦੀ ਵਰਦੀ ਹੈ। ਕੋਈ ਸਿਪਾਹੀ ਵਰਦੀ ਨਾਲ ਹੀ ਸਿਪਾਹੀ ਅਖਵਾ ਸਕਦਾ ਹੈ।

ਅਜੋਕੇ ਵਾਤਾਵਰਨ ਵਿਚ ਧਰਮ, ਸਦਾਚਾਰ ਦੇ



www.AKJ.Org

ਅਸੂਲਾਂ ਤੋਂ ਅਗਿਆਤ ਯੁਵਕ ਇਥੋਂ ਤਕ ਕਹਿੰਦੇ ਵੇਖੇ ਗਏ ਹਨ ਕਿ "ਜੇਕਰ ਗੁਰੂ ਗੋਬਿੰਦ ਸਿੰਘ ਜੀ ਕੇਸਾਂ ਦੀ ਹੋਂਦ ਅਣਹੋਂਦ ਸੰਬੰਧੀ ਖੁੱਲ੍ਹ ਦੇ ਦੇਂਦੇ ਤਾਂ ਹੁਣ ਤਕ ਬਾਹਰਲੇ ਕਈ ਦੇਸ਼ ਵੀ ਸਿੱਖੀ ਨੂੰ ਅਪਣਾ ਲੈਂਦੇ। ਇਹੋ ਜਿਹੇ ਵਿਚਾਰਾਂ ਵਾਲੇ ਨੌਜੁਆਨਾਂ ਦੇ ਹਥਾਂ ਤਕ ਜੇਕਰ ਗੁਰਮਤ ਦੀ ਸਹੀ ਸੋਧ ਦੇਣ ਵਾਲਾ ਲਿਟ੍ਰੇਚਰ ਪੁਚਾਇਆ ਜਾਵੇ ਤਾਂ ਹੀ ਉਨ੍ਹਾਂ ਨੂੰ ਜਾਣਕਾਰੀ ਪ੍ਰਾਪਤ ਹੋਵੇ ਕਿ ਸਿੱਖੀ ਅਮਲੀ ਜੀਵਨ ਦਾ ਨਾਮ ਹੈ, ਗਿਣਤੀ ਵਧਾਉਣ ਦਾ ਨਹੀਂ।

ਕੇਸ ਸਿੱਖ ਹੋਣ ਦੀ ਪਹਿਲੀ ਨਿਸ਼ਾਨੀ ਹੈ (ਏਥੇ ਕੇਸਾਂ ਤੋਂ ਭਾਵ ਸਰੀਰ ਦੇ ਸਾਰੇ ਹੀ ਰੋਮ ਹਨ)। ਜੇ ਕਰ ਕੋਈ ਮਨੁੱਖ ਸਾਰੇ ਕਕਾਰ ਹਰ ਸਮੇਂ ਰਖਦਾ ਹੋਵੇ ਪਰ ਹੋਵੇ ਕੇਸ-ਹੀਣ, ਉਹ ਸਿਖ ਨਹੀਂ ਆਖਿਆ ਜਾ ਸਕਦਾ।

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਫ਼ੁਰਮਾਨ ਹੈ, 'ਕੇਸ ਸਾਡੀ ਮੋਹਰ ਹਨ।' ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਦਸੋਂ ਹੀ ਪਾਤਸ਼ਾਹੀਆਂ, ਗੁਰੂ ਵਰੋਸਾਏ ਸਿਖਾਂ, ਸ਼ਹੀਦਾਂ, ਸੂਰਬੀਰਾਂ, ਭਗਤਾਂ, ਸਭ ਨੇ ਕੇਸਾਂ ਨੂੰ ਅਪਣਾਇਆ ਹੈ। ਸਾਰੇ ਹੀ ਗੁਰੂ ਸਾਹਿਬਾਂ ਨੇ ਸਮੇਂ ਸਮੇਂ ਅਨੁਸਾਰ ਆਪਣੇ ਸ਼ਰਧਾਲੂਆਂ ਨੂੰ ਗੁਰਮਤਿ-ਉਪਦੇਸ਼ ਦੇ ਨਾਲ ਕੇਸ ਰਖ ਕੇ ਸਾਬਤ ਸੂਰਤ ਰਹਿਣ ਦੀ ਸਿਖਿਆ ਦਿਤੀ ਹੈ, ਜਿਵੇਂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਰਦਾਨੇ ਨੂੰ ਸਾਥੀ ਬਣਾਂਦਿਆਂ ਹੀ ਮੁਖ ਸਿਖਿਆ ਦਿਤੀ ਸੀ ਕਿ ਕੇਸ ਨਹੀਂ ਕਟਾਣੇ। ਸ੍ਰੀ ਗੁਰੂ ਹਰਿ ਰਾਇ ਸਾਹਿਬ ਦੇ ਦਰਸ਼ਨਾਂ ਲਈ ਜਦੋਂ ਧਰਮੀ ਹਕੀਕਤ ਰਾਏ ਦਾ ਦਾਦਾ ਭਾਈ ਨੰਦ ਲਾਲ ਆਇਆ ਤੇ ਉਪਦੇਸ਼ ਦੀ ਜਾਚਨਾ ਕੀਤੀ ਤਾਂ ਸਤਵੇਂ ਪਾਤਸ਼ਾਹ ਜੀ ਨੇ ਤਿੰਨ ਗੱਲਾਂ ਤੇ ਅਮਲ ਕਰਨ ਦਾ ਉਪਦੇਸ਼ ਦਿਤਾ—ਇਕ ਕੇਸ ਨਾ ਕਟਾਉਣੇ, ਦੂਜਾ ਤੰਬਾਕੂ ਨਾ ਪੀਣਾ, ਤੀਜਾ ਟੋਪੀ ਨਾ ਪਹਿਨਣੀ।

ਦਸਮ ਪਾਤਸ਼ਾਹ ਜੀ ਤਾਂ ਗੁਰ-ਗੱਦੀ ਸੰਭਾਲਣ ਦੇ ਸਮੇਂ ਤੋਂ ਹੀ ਸਿਖ-ਸੰਗਤਾਂ ਨੂੰ ਦ੍ਰਿੜ੍ਹ ਕਰਾਂਦੇ ਰਹੇ ਕਿ ਕੋਈ ਸਿਖ ਕਿਸੇ ਹਾਲਤ ਵਿਚ ਵੀ ਭਦਨ (ਹਜਾਮਤ) ਨਾ ਕਰਾਵੇ ਤੇ ਸਾਬਤ ਸੂਰਤ ਰਹੇ ਅਤੇ ਆਪਣੀਆਂ ਸੰਤਾਨਾਂ ਦੇ ਕੇਸ ਜਮਾਂਦਰੂ ਹੀ ਕਾਇਮ ਰਖੇ ਜਾਣ। ਕੇਸ ਸਿਖੀ ਦੀ ਜੜ੍ਹ ਹਨ।

ਪ੍ਰੋਫ਼ੈਸਰ ਸਤਬੀਰ ਸਿੰਘ ਜੀ ਦੇ ਇਨ੍ਹਾਂ ਅੱਖਰਾਂ ਵਿਚ ਅਟੱਲ ਸਚਾਈ ਹੈ ਕਿ ਜਿਤਨੇ ਕੇਸ ਤੇ ਦਾੜ੍ਹੀ ਢਿੱਲੀ, ਹਿਲੀ ਤੇ ਟੁਟੀ ਹੋਈ ਹੈ ਉਤਨੀ ਹੀ ਗੁਰ-ਭਗਤੀ ਵਿਚ ਕਮਜ਼ੋਰੀ ਹੈ ਤੇ ਸਿਖੀ ਮਹਿਲ ਵਿਚ ਉਤਨੀਆਂ ਹੀ ਤ੍ਰੇੜਾਂ ਪਈਆਂ ਹੋਈਆਂ ਹਨ। (ਰਛਿਆ ਰਹਿਤ, ਪੰਨਾ ੧੮)

ਖ਼ਾਲਸਾ ਜੀ! ਲੋੜ ਹੈ ਜਾਗਣ ਤੇ ਸਮਾਂ ਸੰਭਾਲਣ ਦੀ। ਸੁਚੇਤ ਹੋਵੋ, ਕੌਮ ਦੀ ਪਨੀਰੀ ਨੂੰ ਸੰਭਾਲਣ ਨਾਲ ਹੀ ਪੰਥ ਦਾ ਚਮਨ ਆਬਾਦ ਰਹਿ ਸਕਦਾ ਹੈ।

---

# ਦਿਲ ਕੇ ਆਈਨਾ ਮੇਂ ਹੈ ਤਸਵੀਰੇ ਯਾਰ

[ ਵਲੋਂ —ਸ: ਸਾਧੂ ਸਿੰਘ ਜੀ, ਸੂਫ਼ੀ ]

ਇਕ ਅਰਫ਼ਾਨ ਇਲਾਹੀ ਬਾਝੋਂ ਹੁੰਦਾ ਨਹੀਂ ਛੁਟਕਾਰਾ, ਸੁਣ ਲੈ ਯਾਰਾ।
ਘਰ ਵਿਚ ਵੱਸੇ ਦਿੱਸੇ ਨਾਹੀ, ਇਸ ਗੱਲ ਦਾ ਕੀ ਚਾਰਾ, ਦੋਸ਼ ਤੁਹਾਰਾ।

ਤੇ ਫਿਰ—

ਕਰ ਸੰਤੋਖ ਕਨਾਇਤ ਦਿਲ ਵਿਚ, ਯਾਦ ਇਲਾਹੀ ਕਰ ਤੂੰ, ਮੂਲ ਨਾ ਡਰ ਤੂੰ।
ਹੱਥਾਂ ਨਾਲ ਕਮਾਈ ਕਰ ਕੇ, ਪੇਟ ਮਮੂਲੀ ਭਰ ਤੂੰ, ਸੁਖ ਦੁਖ ਜਰ ਤੂੰ।
ਬਹਿਰ ਇਸ਼ਕ ਵਿਚ ਰੁੜ੍ਹਿਆ ਜਾਂਦਾ, ਮਰ ਕੇ ਫੇਰ ਨਾ ਮਰ ਤੂੰ, ਧੀਰਜ ਧਰ ਤੂੰ।
ਸੂਫ਼ੀ ਟੋਲ ਦਲੇਰੀ ਕਰ ਕੇ, ਲਾ-ਮਕਾਨੀ ਘਰ ਤੂੰ, ਕਰ ਦਿਲ ਸਰ ਤੂੰ।

ਸਾਰੀ ਉਮਰ ਜੋ ਉਸ ਦੇ ਪਿਛੇ, ਫਿਰਿਆ ਮੈਂ ਢੂੰਡੇਦਾ, ਯਤਨ ਕਰੇਂਦਾ।
ਚਾਰ ਚੁਫੇਰੇ ਫਿਰ ਫਿਰ ਡਿੱਠਾ, ਗਲੀਓ ਗਲੀ ਭਜੇਂਦਾ, ਦਰਸ ਨ ਦੇਂਦਾ।
ਅੰਤ ਅਚਾਨਕ ਦਿਲ ਵਿਚ ਡਿੱਠਾ, ਦਿਲ ਵਿਚ ਪਿਆ ਵਸੇਂਦਾ, ਯਾਰ ਤਕੇਂਦਾ।
ਸੂਫ਼ੀ ਹਰ ਇਕ ਦਿਲ ਦੇ ਅੰਦਰ, ਪ੍ਰੀਤਮ ਪ੍ਰੇਮ ਕਰੇਂਦਾ, ਖ਼ੁਸ਼ੀ ਮਨੇਂਦਾ।

['ਸੂਫ਼ੀ ਡਿਊਢਾਂ' ਪੁਸਤਕ ਵਿਚੋਂ

www.AKJ.Org

# ਮੌਤ ਕੀ ਹੈ?

[ ਵਲੋਂ — ਬੀਬੀ ਅਜੀਤ ਕੌਰ ਜੀ ਗੰਭੀਰ, ਚੰਡੀਗੜ੍ਹ ]

"ਮੌਤ ਕੀ ਹੈ ? ਕਿਸੇ ਨੂੰ ਪਤਾ ਨਹੀਂ । ਕਿਤੋਂ ਆਉਂਦੀ ਜਾਂਦੀ ਦਿੱਸਦੀ ਨਹੀਂ । ਕੀ ਬਲਾ ਹੈ, ਕੋਈ ਜਾਣਦਾ ਨਹੀਂ । ਕਿਤੇ ਰਹਿੰਦੀ ਬਹਿੰਦੀ ਦਿਸਦੀ ਨਹੀਂ ।"

ਅੱਜ ਤਕ ਦੁਨੀਆਦਾਰ ਨਹੀਂ ਜਾਣ ਸਕਿਆ ਕਿ ਮੌਤ ਹੈ ਕੀ ? ਸਾਰੇ ਕਹਿੰਦੇ ਹਨ ਕਿ ਇਹ ਕਿਉਂ ਆਉਂਦੀ ਹੈ ? ਇਹ ਵੀ ਸਾਰਿਆਂ ਨੂੰ ਪਤਾ ਹੈ ਕਿ ਇਕ ਦਿਨ ਇਹ ਸਰੀਰ, ਜੋ ਕਿ ਇਕ ਮਿੱਟੀ ਦਾ ਖਿਡੌਣਾ ਹੈ, ਉਸਨੇ ਟੁੱਟਣਾ, ਭਾਵ ਖ਼ਤਮ ਅਵੱਸ਼ ਹੋਣਾ ਹੈ । ਜਿਵੇਂ ਕਿ—

"ਮਾਟੀ ਮਾਟੀ ਹੋਈ ਏਕ ।"

ਇਸ ਮਿੱਟੀ ਰੂਪੀ ਦੇਹੀ ਨੇ ਜ਼ਰੂਰ ਇਕ ਦਿਨ ਮਿੱਟੀ ਵਿਚ ਮਿਲ ਜਾਣਾ ਹੈ । ਮੌਤ ਇਨਸਾਨ ਦੇ ਵੱਸ ਨਹੀਂ ਆ ਸਕੀ, ਜਿਹਦੇ ਤੋਂ ਇਨਸਾਨ ਬਹੁਤ ਡਰਦਾ ਹੈ ਅਤੇ ਇਸੇ ਡਰ ਪਿਛੇ ਘਰ ਤੋਂ ਇਕੱਲੇ ਰਾਤ ਨੂੰ ਬਾਹਰ ਨਹੀਂ ਨਿਕਲਦਾ । ਅਸੀਂ ਜੰਗਲੀ ਜਾਨਵਰਾਂ ਤੋਂ ਡਰਦੇ ਹਾਂ, ਡਾਕੂਆਂ, ਐਕਸੀਡੈਂਟਾਂ ਤੋਂ ਡਰਦੇ ਹਾਂ, ਸਿਰਫ਼ ਮੌਤ ਦੇ ਕਾਰਨ ਹੀ ।

ਮੌਤ ਦੀ ਕਈ ਚੀਜ਼ਾਂ ਨਾਲ ਤੁਲਨਾ ਕੀਤੀ ਜਾ ਸਕਦੀ ਹੈ । ਜਿਵੇਂ ਇਕ ਬਿਜਲੀ ਦਾ ਬਲਬ ਜਗ ਰਿਹਾ ਹੁੰਦਾ ਹੈ, ਜੇ ਉਸ ਨੂੰ ਸਵਿੱਚ ਦਬਾ ਕੇ ਬੰਦ ਕਰ ਦਿੱਤਾ ਜਾਵੇ ਤਾਂ ਇਹ ਉਸਦੀ ਮੌਤ ਹੀ ਹੈ । ਉਹਦਾ ਅੰਤ ਸਡੇ ਹੱਥ ਹੈ । ਜਦੋਂ ਚਾਹੀਏ ਉਦੋਂ ਜਗਾ ਬੁਝਾ ਸਕਦੇ ਹਾਂ । ਇਸੇ ਤਰ੍ਹਾਂ ਪ੍ਰਭੂ ਦੇ ਹੱਥ ਵਿਚ ਸਾਡੀ ਜ਼ਿੰਦਗੀ, ਮੌਤ, ਕਰਮ ਲੇਖ ਸਭ ਕੁਝ ਹੈ । 'ਉਹ' ਹੀ ਸਭ ਕੁਝ ਕਰਦਾ ਹੈ ।

ਕਰਣ ਕਾਰਣ ਪ੍ਰਭੁ ਏਕੁ ਹੈ, ਦੂਸਰ ਨਾਹੀ ਕੋਇ ॥ ਨਾਨਕ ਤਿਸੁ ਬਲਿਹਾਰਣੈ, ਜਲਿ ਥਲਿ ਮਹੀਅਲ ਸੋਇ ॥

[ਗਉੜੀ ਸੁਖਮਨੀ ਮ: ੫, ਪੰਨਾ ੨੭੬

ਦੂਜੀ ਉਦਾਹਰਣ ਨਾਲ ਮਨੁੱਖ ਇਸ ਦੁਨੀਆ ਵਿਚ ਆਇਆ ਇਕ ਪਰਾਹੁਣਾ ਹੈ, ਜਿਸ ਨੇ ਥੋੜ੍ਹੇ ਦਿਨ ਰਹਿ ਕੇ ਫਿਰ ਵਾਪਸ ਆਪਣੀ ਮੰਜ਼ਿਲ ਤੇ ਪੁੱਜਣਾ ਹੈ । ਮਨੁੱਖ ਪੁਤਲੀਆਂ ਹਨ ਅਤੇ ਇਹ ਸੰਸਾਰ ਪੁਤਲੀ-ਘਰ ਹੈ, ਜੋ ਕਿ ਪ੍ਰਭੂ ਦੇ ਭਾਣੇ ਅਨੁਸਾਰ ਚਲਦਾ ਹੈ —

ਹੁਕਮੈ ਅੰਦਰਿ ਸਭੁ ਕੋ, ਬਾਹਰਿ ਹੁਕਮ ਨ ਕੋਇ ॥

[ਜਪੁਜੀ

ਸੋ ਇਨਸਾਨ ਸੈਰ ਕਰਨ ਆਇਆ ਹੋਇਆ ਮੁਸਾਫ਼ਿਰ ਹੈ, ਜਿਸ ਨੇ ਇਕ ਦਿਨ ਅਵੱਸ਼ ਹੀ ਵਾਪਸ ਪੱਕੇ ਠਿਕਾਣੇ ਤੇ ਚਲੇ ਜਾਣਾ ਹੈ —

ਜੈਸੇ ਰੈਣਿ ਪਰਾਹੁਣੇ ਉਠਿ ਚਲਸਹਿ ਪਰਭਾਤਿ ॥ ਕਿਆ ਤੂੰ ਰਤਾ ਗਿਰਸਤ ਸਿਉ, ਸਭ ਫੁਲਾ ਕੀ ਬਾਗਾਤਿ ॥

[ਸਿਰੀ ਰਾਗ ਮਹਲਾ ੫, ਪੰਨਾ ੫੦

ਇਸ ਮੌਤ ਨੂੰ ਇਕ ਸੁਪਨਾ ਵੀ ਕਿਹਾ ਜਾ ਸਕਦਾ ਹੈ । ਜਿੰਨਾ ਚਿਰ ਸੁਪਨਾ ਆਉਂਦਾ ਰਹਿੰਦਾ ਹੈ, ਉਨਾ ਚਿਰ ਉਸ ਦੇ ਚਰਿਤਰ ਸਹੀ ਅਤੇ ਅਸਲੀ ਹੀ ਜਾਪਦੇ ਹਨ, ਪਰ ਜਦੋਂ ਜਾਗ ਆਉਂਦੀ ਹੈ ਤਾਂ ਸੁਪਨੇ ਵਿਚ ਵਾਪਰਿਆ ਸਭ ਕੁਝ ਝੂਠ ਹੋ ਜਾਂਦਾ ਹੈ । ਇਸੇ ਤਰ੍ਹਾਂ ਜਦੋਂ ਇਨਸਾਨ ਦੀ ਆਯੂ ਪੂਰੀ ਹੋ ਜਾਂਦੀ ਹੈ ਅਤੇ ਉਸਨੂੰ ਇਹ ਦੁਨੀਆ ਛੱਡਣੀ ਪੈਂਦੀ ਹੈ ਤਾਂ ਉਹਦਾ ਇਸ ਦੁਨੀਆ ਵਿਚ ਸਭ ਕੁਝ ਕੀਤਾ ਹੋਇਆ ਸੁਪਨੇ ਦੀ ਤਰ੍ਹਾਂ ਬੇਅਰਥ ਹੀ ਲਗਦਾ ਹੈ । ਇਹ ਜੀਵਨ ਦਾ ਲੰਬਾ ਸੁਪਨਾ ਖ਼ਤਮ ਹੋ ਜਾਂਦਾ ਹੈ । ਗੁਰਵਾਕ ਅਨੁਸਾਰ :—

ਜਿਉ ਸੁਪਨਾ ਅਰੁ ਪੇਖਨਾ, ਐਸੇ ਜਗ ਕਉ ਜਾਨਿ ॥ ਇਨ ਮਹਿ ਕਛੁ ਸਾਚੋ ਨਹੀ, ਨਾਨਕ ਬਿਨੁ ਭਗਵਾਨ ॥੨੩॥ [ਸਲੋਕ ਮ: ੯

ਸੰਸਾਰ ਇਕ ਬਗੀਚਾ ਹੈ, ਜਿਸ ਵਿਚ ਬਹੁ-ਭਾਂਤੀ ਜੀਵ ਬ੍ਰਿਛਾਂ ਨਾਲ ਲਗੇ ਫਲਾਂ ਦੇ ਨਿਆਈਂ ਹਨ । ਸਾਰੇ ਫਲਾਂ ਨੂੰ ਹੀ ਬ੍ਰਿਛ ਨਾਲੋਂ ਟੁਟਣਾ ਪੈਂਦਾ ਹੈ । ਕੋਈ ਤਾਂ ਆਪਣੀ ਪੂਰੀ ਆਯੂ ਭੋਗ ਕੇ ਪਕ ਕੇ ਡਿਗਦਾ



www.AKJ.Org

ਹੈ ਅਤੇ ਕੋਈ ਅਧਵਾਟਿਓਂ ਹੀ ਕੱਚਾ-ਪਿਲਾ ਡਿਗ ਪੈਂਦਾ ਹੈ। ਕਈ ਅਜਿਹੇ ਵੀ ਹੁੰਦੇ ਹਨ ਜਿਹੜੇ ਫਲ ਬਣਨ ਤੋਂ ਪਹਿਲਾਂ ਹੀ ਡਿਗ-ਢਹਿ ਜਾਂਦੇ ਹਨ। ਇਹੋ ਹਾਲ ਸਭ ਜੀਵਾਂ ਦਾ ਹੈ —

ਜੈਸੇ ਕਿਰਸਾਣੁ ਬੋਵੈ ਕਿਰਸਾਨੀ ॥
ਕਾਚੀ ਪਾਕੀ ਬਾਢਿ ਪਰਾਨੀ ॥੧॥
ਜੋ ਜਨਮੈ ਸੋ ਜਾਨਹੁ ਮੂਆ ॥......
ਦਿਨ ਤੇ ਸਰਪਰ ਪਉਸੀ ਰਾਤਿ ॥......(੩੭੫)

ਇਸ ਦੁਨੀਆ ਵਿਚ ਆਉਣਾ ਅਤੇ ਨੀਯਤ ਕੀਤੇ ਸਮੇਂ ਪਿਛੋਂ ਇਥੋਂ ਚਲੇ ਜਾਣਾ ਕੋਈ ਅਜੀਬ ਗੱਲ ਨਹੀਂ, ਕੋਈ ਅਨਹੋਣੀ ਘਟਨਾ ਨਹੀਂ। ਜੋ ਉਪਜਿਆ ਹੈ ਉਸ ਨੇ ਬਿਨਸ ਜਾਣਾ ਹੀ ਹੈ। ਇਸ ਬਗੀਚੇ ਵਿਚ ਉੱਗੇ ਹੋਏ ਬੂਟਿਆਂ ਨੇ ਕਿਸੇ ਨਾ ਕਿਸੇ ਦਿਨ ਆਪਣਾ ਰੰਗ ਰੂਪ ਵਿਖਾ ਕੇ ਖ਼ਤਮ ਹੋਣਾ ਹੈ। ਆਖ਼ਿਰ ਮੌਤ ਆਉਣੀ ਹੀ ਹੈ ਤੇ ਰੱਬੀ ਭਾਣਾ ਵਰਤ ਕੇ ਹੀ ਰਹਿਣਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਲਿਖਿਆ ਹੈ :—

ਕਾਚੀ ਗਾਗਰਿ ਸਰਪਰ ਫੂਟੈ ॥ (ਪੰਨਾ ੨੫੪)
ਸਭਨਾ ਮਰਣਾ ਆਇਆ, ਵੇਛੋੜਾ ਸਭਨਾਹ ॥
[ਸੋਰਠ ਮ: ੧, ਪੰਨਾ ੫੯੫

ਸੋ ਮੌਤ ਆਉਣੀ ਅਵੱਸ਼ ਹੈ, ਪਰ ਆਉਣੀ ਵੀ ਪ੍ਰਭੂ ਦੇ ਭਾਣੇ ਅੰਦਰ ਹੈ। ਜੇ ਮੌਤ ਨੇ ਆਉਣਾ ਹੀ ਹੈ ਤਾਂ ਤੇ ਇਸ ਦੀ ਚਿੰਤਾ ਕਿਉਂ ਕੀਤੀ ਜਾਵੇ :—

ਚਿੰਤਾ ਤਾ ਕੀ ਕੀਜੀਐ, ਜੋ ਅਨਹੋਨੀ ਹੋਇ ॥
ਇਹੁ ਮਾਰਗੁ ਸੰਸਾਰ ਕੋ,ਨਾਨਕ ਥਿਰੁ ਨਹੀ ਕੋਇ ॥
[ਸਲੋਕ ਮ: ੯

ਹਰ ਵੇਲੇ ਕਿਉਂ ਇਸ ਤੋਂ ਡਰਦੇ ਰਹੀਏ ? ਕਿਉਂ ਨਾ ਆਪਣੀ ਜ਼ਿੰਦਗੀ ਚੰਗੀ ਤਰ੍ਹਾਂ ਬਤੀਤ ਕਰੀਏ। ਕਿਸੇ ਨੇ ਬੜਾ ਸੁਹਣਾ ਲਿਖਿਆ ਹੈ :—

ਜ਼ਿੰਦਗੀ ਜ਼ਿੰਦਾ-ਦਿਲੀ ਕਾ ਨਾਮ ਹੈ,
ਮੁਰਦਾ ਦਿਲ ਕਿਆ ਖ਼ਾਕ ਜੀਆ ਕਰਤੇ ਹੈਂ।

ਇਕ ਹੋਰ ਨੇ ਕਿਹਾ ਹੈ ਕਿ ਡਰਪੋਕ ਜੀਵ ਜ਼ਿੰਦਗੀ ਵਿਚ ਕਈ ਵੇਰ ਮਰਦੇ ਹਨ। ਉਨ੍ਹਾਂ ਨੂੰ ਮੌਤ ਦਾ ਭੈ ਹਰ ਵੇਲੇ ਚਿੰਬੜਿਆ ਰਹਿੰਦਾ ਹੈ। ਪਰ ਬਹਾਦਰਾਂ ਨੂੰ ਮੌਤ ਇਕੋ ਵੇਰ ਆਉਂਦੀ ਹੈ ਤੇ ਉਹ ਵੀ ਦੁਖਦਾਈ ਨਹੀਂ ਹੁੰਦੀ। ਸਿੰਘਾਂ ਸਿੰਘਣੀਆਂ ਦੀਆਂ ਬਹਾਦਰੀਆਂ, ਅਤੇ ਉਨ੍ਹਾਂ ਦੇ ਮੌਤ ਤੋਂ ਨਾ ਡਰਨ ਦੀਆਂ ਵਾਰਦਾਤਾਂ ਨਾਲ ਇਤਿਹਾਸ ਭਰਿਆ ਪਿਆ ਹੈ। ਭਾਈ ਵੀਰ ਸਿੰਘ ਜੀ, 'ਮੌਤ ਕੋਈ ਚੀਜ਼ ਨਹੀਂ' ਦਾ ਜੁਆਬ ਦਿੰਦੇ ਹੋਏ ਲਿਖਦੇ ਹਨ ਕਿ ਮੌਤ ਸੁੰਦਰ ਦਿਸ਼ਾ ਦਾ ਦਰਵਾਜ਼ਾ ਹੈ।

ਜੇ ਕਰ ਮੌਤ ਤੋਂ ਡਰ ਕੇ ਇਨਸਾਨ ਕਿਧਰੇ ਵੀ ਛੁਪਣਾ ਚਾਹੇ ਤਾਂ ਨਹੀਂ ਛੁਪ ਸਕਦਾ। ਜਿਵੇਂ ਕਿ ਕਹਾਵਤ ਹੈ ਕਿ— 'ਮੂਸਾ ਭੱਜਾ ਮੌਤ ਤੋਂ, ਅਗੇ ਮੌਤ ਖੜੀ।' ਪਤਾ ਨਹੀਂ ਮੌਤ ਨੇ ਕਦੋਂ ਆ ਜਾਣਾ ਹੈ। ਬਾਬਾ ਫ਼ਰੀਦ ਜੀ ਫ਼ੁਰਮਾਂਦੇ ਹਨ—

ਫਰੀਦ ਮਉਤੈ ਦਾ ਬੰਨਾ ਏਵੈ ਦਿਸੈ, ਜਿਉ
ਦਰੀਆਵੈ ਢਾਹਾ ॥ (੧੩੮੩)

ਬਿਨਸਣਹਾਰ ਸਰੀਰ ਲਈ ਤੌਖਲਾ ਕਰਨਾ ਬਿਰਥਾ ਹੈ। ਸੋ ਇਹ ਤੌਖਲਾ ਛਡ ਕੇ 'ਜਿਥੈ ਜਾਇ ਤੁਧੁ ਵਰਤਣਾ' ਉਥੇ ਦਾ ਫ਼ਿਕਰ ਕਰਨ ਦੀ ਲੋੜ ਹੈ।

ਇਹ ਦੁਨੀਆ ਪੇਕਾ ਘਰ ਹੈ ਅਤੇ ਅਗਲਾ ਜਹਾਨ ਸਹੁਰਾ ਘਰ ਹੈ। ਜਿੰਦ 'ਵਹੁਟੀ' ਨੂੰ ਮਰਣ 'ਵਰ' ਨੇ ਪ੍ਰਣਾ ਕੇ ਲੈ ਜਾਣਾ ਹੈ। ਉਸ ਸਹੁਰੇ ਘਰ ਲਈ ਸ਼ੁਭ ਗੁਣਾਂ ਦੀ ਪੂੰਜੀ ਇਕੱਠੀ ਕਰਨੀ ਲੋੜੀਦੀ ਹੈ—

ਸਤਿਗੁਰੁ ਪੁਰਖ ਮਿਲਾਇ, ਅਵਗਣ ਵਿਕਣਾ,
ਗੁਣ ਰਵਾ ਬਲਿ ਰਾਮ ਜੀਉ ॥ ਹਰਿ ਹਰਿ ਨਾਮੁ
ਧਿਆਇ, ਗੁਰਬਾਣੀ ਨਿਤ ਨਿਤ ਚਵਾ ਬਲਿ
ਰਾਮ ਜੀਉ ॥

ਹਰ ਇੱਕ ਕੁੜੀ ਨੇ ਆਪਣੇ ਸਹੁਰੇ ਜਾਣਾ ਹੈ ਅਤੇ ਨਾਲ ਉਸਨੂੰ ਦਾਜ ਚਾਹੀਦਾ ਹੈ। ਇਸੇ ਤਰ੍ਹਾਂ ਇਹ ਮਨੁੱਖ ਆਪਣੇ ਪੇਕੇ ਘਰ ਆਇਆ ਹੈ, ਸੋ ਇਸਨੇ ਵੀ ਇੱਕ ਦਿਨ ਆਪਣੇ ਸਹੁਰੇ ਜਾਣਾ ਹੈ ਅਤੇ ਇਸਨੂੰ ਸਾਰੇ ਧੰਦੇ ਛੱਡ ਕੇ ਆਪਣਾ ਦਾਜ ਤਿਆਰ ਕਰਨਾ ਚਾਹੀਦਾ ਹੈ। ਭਾਵ ਕਿ ਪ੍ਰਭੂ ਨੂੰ ਨਾ ਵਿਸਾਰ ਕੇ ਉਸਦਾ ਨਾਮ ਜਪਣਾ ਚਾਹੀਦਾ ਹੈ ਤਾਂਕਿ ਪਤੀ-ਪਰਮਾਤਮਾ ਖੁਸ਼ ਹੋ ਸਕੇ ਅਤੇ ਦਰਗਾਹ ਵਿਚ ਢੋਈ ਮਿਲ ਸਕੇ।

"ਸਭਨਾ ਸਹੁਰੈ ਵੰਞਣਾ, ਸਭਿ ਮੁਕਲਾਵਣਹਾਰ ॥
[ਸਿਰੀ ਰਾਗ ਮ: ੫, ਪੰਨਾ ੫੦

★



www.AKJ.Org

# ਮਸਤਾਨਾ ਕਛਹਿਰਾ

ਦਾਸ ਦੀ ਸਿੰਘਣੀ ਜੋ ਗੁਰਮਤਿ ਰਹਿਤ ਰਹਿਣੀ ਵਿਚ ਕਾਫ਼ੀ ਦ੍ਰਿੜ੍ਹ ਤੇ ਪਤੀਬ੍ਰਤਾ ਹੋਣ ਦੇ ਨਾਤੇ, ਇਸ ਚੀਜ਼ ਦਾ ਖ਼ਾਸ ਖ਼ਿਆਲ ਰਖਦੀ ਹੈ ਕਿ ਦਾਸ ਦਾ ਕਛਹਿਰਾ, ਤੌਲੀਆ ਅਤੇ ਇਸ਼ਨਾਨ ਲਈ ਹੋਰ ਲੋੜੀਂਦੀਆਂ ਵਸਤੂਆਂ ਰਾਤ ਨੂੰ ਹੀ ਗੁਸਲਖ਼ਾਨੇ ਵਿਚ ਰਖ ਦਿਤੀਆਂ ਜਾਣ, ਤਾਂਕਿ ਅੰਮ੍ਰਿਤ ਵੇਲੇ ਦਾ ਕੀਮਤੀ ਸਮਾਂ ਇਹਨਾਂ ਚੀਜ਼ਾਂ ਦੀ ਪੁਛ ਗਿਛ ਜਾਂ ਢੂੰਡ ਭਾਲ ਵਿਚ ਖ਼ਰਾਬ ਨਾ ਹੋਵੇ ਤੇ ਨਾ ਹੀ ਸ਼ਾਂਤ ਵਾਤਾਵਰਨ ਵਿਚ ਵਿਘਨ ਪਵੇ।

ਇਕ ਦਿਨ ਗੁਰੂ-ਨੇਤ ਨਾਲ ਰਾਤ ਨੂੰ ਸਿੰਘਣੀ ਕਛਹਿਰਾ ਤੌਲੀਆ ਆਦਿਕ ਰਖਣਾ ਭੁਲ ਗਈ। ਦਾਸ ਨੇ ਅੰਮ੍ਰਿਤ ਵੇਲੇ ਗੁਸਲਖ਼ਾਨੇ ਵਿਚ ਕਛਹਿਰਾ ਤੌਲੀਆ ਨਾ ਦੇਖਿਆ ਤਾਂ ਜਾ ਕੇ ਕਪੜਿਆਂ ਨੂੰ ਟਟੋਲਿਆ। ਕਛਹਿਰਾ, ਤੌਲੀਆ ਤਾਂ ਲਭ ਲਿਆ ਪਰੰਤੂ ਜੋ ਕਛਹਿਰਾ ਮਿਲਿਆ ਉਹ ਇਕ ਪੌਂਚੇ ਤੋਂ ਥੋੜ੍ਹਾ ਮਸਤਾਨਾ ਸੀ। ਅੰਮ੍ਰਿਤ ਵੇਲੇ ਦੇ ਸ਼ਾਂਤ ਵਾਤਾਵਰਨ ਵਿਚ ਵਿਘਨ ਨਾ ਪਵੇ, ਦਾਸ ਨੇ ਉਹੀ ਕਛਹਿਰਾ ਪਾ ਲਿਆ। ਕਛਹਿਰਾ ਬਹੁਤਾ ਮਸਤਾਨਾ ਤਾਂ ਨਹੀਂ ਸੀ, ਪਰੰਤੂ ਦਿਨ ਦੇ ਕਾਰ-ਵਿਹਾਰ ਵਿਚ ਉਠਣ ਬੈਠਣ ਨਾਲ ਕੁਝ ਜ਼ਿਆਦਾ ਮਸਤਾਨਾ ਹੋ ਗਿਆ ਸੀ। ਰਾਤ ਨੂੰ ਬਿਰਾਜਣ ਲਗਿਆਂ ਇਹ ਵਿਚਾਰ ਕਰਕੇ ਕਿ ਸਵੇਰੇ ਤਾਂ ਕਛਹਿਰਾ ਬਦਲ ਹੀ ਦੇਣਾ ਹੈ, ਸੌਂ ਗਿਆ।

ਅੰਮ੍ਰਿਤ ਵੇਲੇ ਸੁਪਨੇ ਵਿਚ ਦਾਸ ਕੀ ਦੇਖਦਾ ਹੈ ਕਿ ਕਿਸੇ ਵਡੇ ਸ਼ਹਿਰ ਵਿਚ ਦਾਸ ਆਪਣੀ ਇਕ ਅਮੀਰ ਭੈਣ ਨੂੰ ਮਿਲਣ ਲਈ ਗਿਆ ਹੈ। ਉਹਨਾਂ ਨੇ ਦਾਸ ਨੂੰ ਕਿਹਾ ਕਿ ਚਲੋ ਅਮੁਕੀ ਜਗ੍ਹਾ ਤੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਸਮਾਗਮ ਹਨ, ਦਰਸ਼ਨ ਕਰੀਏ। ਨਾਮ ਬਾਣੀ ਪੜ੍ਹਨ ਸੁਣਨ ਦੀ ਲਿਲ੍ਹ ਨੇ ਇਹ ਸੋਚਣ ਦਾ ਸਮਾਂ ਹੀ ਨਾ ਦਿਤਾ ਕਿ ਕਛਹਿਰਾ ਮਸਤਾਨਾ ਹੈ, ਪਜਾਮਾ ਪਾ ਲਈਏ। ਸੋ ਉਹਨਾਂ ਨਾਲ ਕਛਹਿਰੇ ਨਾਲ ਹੀ ਚਲਾਂ ਗਿਆ।

ਇਕ ਆਲੀਸ਼ਾਨ ਕੋਠੀ ਵਿਚੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਅਵਾਜ਼ ਆ ਰਹੀ ਸੀ। ਸੰਗਦੇ ਸੰਗਦੇ ਦਾਸ ਅੰਦਰ ਚਲਾ ਗਿਆ। ਇਕ ਵਡੇ ਹਾਲ ਵਿਚ ਪੁਜ ਕੇ ਦੇਖਿਆ ਕਿ ਬਹੁਤ ਸਾਰੀਆਂ ਅਮੀਰ ਤੀਵੀਆਂ, ਮਰਦ ਤੇ ਲੜਕੀਆਂ ਰੰਗ-ਬਰੰਗੇ ਪੁਸ਼ਾਕੇ ਪਾ ਕੇ ਹਾਲ ਵਿਚ ਫਿਰ ਰਹੀਆਂ ਹਨ। ਅਵਾਜ਼ ਪਾਠ ਦੀ ਆ ਰਹੀ ਹੈ, ਪਰੰਤੂ ਗੁਰੂ ਮਹਾਰਾਜ ਜੀ ਦੇ ਪ੍ਰਕਾਸ਼ ਦੇ ਦਰਸ਼ਨ ਨਹੀਂ ਹੋ ਰਹੇ। ਅਚਾਨਕ ਹਾਲ ਦੇ ਉਪਰ ਗੈਲਰੀ ਵਿਚ ਦਾਸ ਦੀ ਨਜ਼ਰ ਪਈ ਤਾਂ ਮਹਾਰਾਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੈ ਤੇ ਆਲੇ ਦੁਆਲੇ ਸਫ਼ੈਦ ਮਲਮਲ ਦਾ ਪੜਦਾ ਲਗਾ ਹੋਇਆ ਹੈ। ਜਿਸ ਤੋਂ ਦਾਸ ਨੂੰ ਇਹ ਸਮਝਣ ਵਿਚ ਦੇਰ ਨਾ ਲਗੀ ਕਿ ਇਹ ਅਮੀਰ ਘਰ ਵਾਲੇ ਕਿਸੇ ਐਸੇ ਸਾਧ ਸੰਤ ਦੇ ਪ੍ਰੇਮੀ ਹਨ ਜੋ ਆਮ ਤੌਰ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਦੇ ਆਲੇ ਦੁਆਲੇ ਕਪੜਾ ਟੰਗਵਾ ਦਿੰਦੇ ਹਨ। ਕੜਾਹ ਪ੍ਰਸ਼ਾਦ ਦੀ ਦੇਗ ਹੇਠਾਂ ਹਾਲ ਵਿਚ ਹੀ ਤਿਆਰ ਸੀ, ਜਿਸ ਦੀ ਤਾਬਿਆ ਦੋ ਫ਼ੈਸ਼ਨੇਬਲ ਬੀਬੀਆਂ ਬੈਠੀਆਂ ਸਨ।

ਕਛਹਿਰਾ ਮਸਤਾਨਾ ਹੋਣ ਕਾਰਨ, ਦਾਸ ਨੇ ਬਹੁਤ ਸੰਭਲ ਕੇ, ਸੰਕੋਚ ਕੇ ਮਹਾਰਾਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਮਥਾ ਟੇਕਿਆ, ਪਰ ਦੇਗ ਦੀ ਤਾਬਿਆ ਬੈਠੀ ਇਕ ਬੀਬੀ ਨੇ ਪਿਛੋਂ ਇਸ਼ਾਰੇ ਨਾਲ ਟੋਹ ਕੇ ਦਾਸ ਨੂੰ ਸੂਚਿਤ ਕੀਤਾ ਕਿ ਕਛਹਿਰਾ ਮਸਤਾਨਾ ਹੈ। ਉਸੇ ਬੀਬੀ ਨੇ ਦਾਸ ਨੂੰ ਕੋਈ ਬੜਾ ਹੀ ਗ਼ਰੀਬ ਤੇ ਮਸਕੀਨ ਸਮਝ ਕੇ ਕੜਾਹ ਪ੍ਰਸ਼ਾਦ ਦਾ ਖੁਲ੍ਹਾ ਰਜਵਾਂ ਗਫਾ ਦੇ ਦਿਤਾ।

ਦਾਸ ਦੀ ਨਿਮੋਝੂਣੀ ਦਸ਼ਾ ਹੋਈ ਹੋਈ ਸੀ ਤੇ ਨਿਮਾਣੀ ਤੇ ਗਰੀਬੜੀ ਜਿਹੀ ਹਾਲਤ ਵਿਚ ਦਾਸ ਇਕ ਕੋਨੇ ਵਿਚ ਬੈਠਾ ਦੇਗ ਛਕ ਰਿਹਾ ਸੀ ਤੇ ਨਾਲੇ ਸੋਚ ਰਿਹਾ ਸੀ ਕਿ ਦੇਗ ਜਲਦੀ ਮੁਕੇ ਤੇ ਇਥੋਂ ਖਿਸਕ ਚਲੀਏ। ਬੀਬੀਆਂ ਦਾਸ ਬਾਰੇ ਭਾਂਤ ਭਾਂਤ ਦੀਆਂ ਬੋਲੀਆਂ ਬੋਲ ਰਹੀਆਂ ਸਨ।

ਇਹੋ ਜਿਹੀ ਦਸ਼ਾ ਵਿਚ ਦਾਸ ਨੂੰ ਇਉਂ ਮਹਿਸੂਸ ਹੋ ਰਿਹਾ ਸੀ ਕਿ ਗੁਰੂ ਮਹਾਰਾਜ ਦੇ ਪਾਠ ਸਮੇਂ ਇਹ ਰੌਲਾ ਗੌਲਾ, ਮਹਾਰਾਜ ਦੇ ਪਾਠ ਦੀ ਬੇਅਦਬੀ ਹੈ, ਜਿਸ ਦੀ ਇਹਨਾਂ ਬੀਬੀਆਂ ਨੂੰ ਕੋਈ ਭੈ-ਭਾਵਨੀ ਨਹੀਂ ਹੈ। ਇਹ ਚੁਪ ਕਿਉਂ ਨਹੀਂ ਕਰਦੀਆਂ ? ਇਸ ਪ੍ਰਕਾਰ ਦੀ



www.AKJ.Org

ਮਾਨਸਿਕ ਜਿਹੀ ਪੀੜ ਦਾਸ ਦੇ ਹਿਰਦੇ ਅੰਦਰ ਛਿੜੀ ਕਿ ਦਾਸ ਚੀਕ ਉਠਿਆ, ਤੇ ਨਾਲ ਹੀ ਦਾਸ ਦੀ ਸੁਪਨ ਅਵਸਥਾ ਦਾ ਅੰਤ ਹੋ ਗਿਆ।

ਅੰਮ੍ਰਿਤ ਵੇਲਾ ਹੋ ਚੁਕਾ ਸੀ। ਉਠਿਆ, ਸੌਚ ਇਸ਼ਨਾਨ ਤੇ ਨਿਤਨੇਮ ਤੋਂ ਵੇਹਲਾ ਹੋ ਕੇ ਗੁਰੂ ਮਹਾਰਾਜ ਜੀ ਦਾ ਪ੍ਰਕਾਸ਼ ਕੀਤਾ ਅਤੇ ਗੁਰਵਾਕ ਆਇਆ—

> ਦਇਆ ਕਰਣੰ, ਦੁਖ ਹਰਣੰ, ਉਚਰਣੰ ਨਾਮ ਕੀਰਤਨਹ ॥ ਦਇਆਲ ਪੁਰਖ ਭਗਵਾਨਹ ਨਾਨਕ ਲਿਪਤ ਨ ਮਾਇਆ ॥੧॥
>
> [ਵਾਰ ਜੈਤਸਰੀ ਮ: ੫, ਸਲੋਕ, ਪੰਨਾ ੭੦੯

ਦਾਸ ਨੂੰ ਇਉਂ ਮਲੂਮ ਹੋਇਆ ਜਿਵੇਂ ਕੋਈ ਭਾਰੀ ਬਲਾ ਟਲ ਗਈ ਹੋਵੇ ਤੇ ਸੂਲੀ ਦਾ ਕੰਡਾ ਹੋ ਗਿਆ ਹੈ। "ਸੁਕੇਤ ਮੰਡੀ ਦੇ ਰਾਜੇ" ਦੀ ਵਾਰਤਾ ਚੇਤੇ ਆਈ। ਜਿਵੇਂ ਕਿ ਮਸਤਾਨਾ ਕਛਹਿਰਾ ਰਖਣ ਵਿਚ ਕਿਤਨੀ ਕੁ ਗੁਰੂ ਸਾਹਿਬ ਦੀ ਕੋਪੀ ਹੁੰਦੀ ਹੈ। ਸੇਵਕ ਨਾਲ ਘਟਣ ਵਾਲੀ ਦਸ਼ਾ ਕੇਵਲ ਸੁਪਨੰਤਰ ਦਰਸਾ ਕੇ, ਸੇਵਕ ਤੇ ਦਇਆ ਕਰ ਕੇ ਤੇ ਦੁਖ ਹਰ ਦਿਤਾ ਹੈ। ਸੇਵਕ ਨੂੰ ਅਗਵਾਈ ਬਖ਼ਸ਼ੀ ਕਿ ਕਛਹਿਰਾ ਮਸਤਾਨਾ ਕਦੇ ਨਹੀਂ ਹੋਣਾ ਚਾਹੀਦਾ। ਗੁਰਮਤਿ ਦੀ ਇਸ ਰਹਿਤ ਤੇ ਕਰੜਾ ਪਹਿਰਾ ਦਿਤਾ ਜਾਵੇ।

(੧) ਸੋ ਸਿੰਘਾਂ ਦੇ ਕਛਹਿਰੇ ਸਫ਼ੇਦ ਸਾਫ਼ ਸੁਥਰੇ ਬਸਤਰ ਦੇ ਹੋਣੇ ਚਾਹੀਦੇ ਹਨ। ਇਹ ਖ਼ਾਲਸੇ ਦੇ ਜਤ ਸਤ ਦਾ ਸੂਚਕ ਹੈ। ਕਈ ਸਿੰਘ ਮਹਾਰਾਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਸਜਣ ਤੋਂ, ਦੇਗ ਦੀ ਤਾਬਿਆ ਬੈਠਣ ਤੋਂ ਜਾਂ ਪੈਂਟ ਪਜਾਮਾ ਉਤਾਰ ਕੇ ਲੰਗਰ ਦੀ ਸੇਵਾ ਕਰਨ ਤੋਂ ਜਾਂ ਦੇਗ ਵਰਤਾਉਣ ਤੋਂ ਕੇਵਲ ਇਸ ਲਈ ਸੰਕੋਚ ਕਰਦੇ ਹਨ ਕਿ ਉਹਨਾਂ ਦੇ ਕਛਹਿਰੇ ਜਾਂ ਤਾਂ ਗਿਠ ਗਿਠ ਦੇ ਹੁੰਦੇ ਹਨ ਜਾਂ ਇਤਨੇ ਮੈਲੇ ਹੁੰਦੇ ਹਨ ਕਿ ਉਹਨਾਂ ਨੂੰ ਦੇਖਿਆ ਨਹੀਂ ਜਾ ਸਕਦਾ।

(੨) ਕਛਹਿਰਾ ਹਮੇਸ਼ਾ ਗੋਡਿਆਂ ਤੀਕਰ ਤੇ ਰੇਬਦਾਰ ਹੋਣਾ ਜ਼ਰੂਰੀ ਹੈ, ਤਾਂ ਹੀ ਮਰਦਾਨਾ ਨੰਗੇਜ ਕਜਿਆ ਜਾ ਸਕਦਾ ਹੈ। ਪਟੇਦਾਰ ਕਪੜੇ ਦੇ ਨਿਕਰ-ਕਾਟ ਕਛਹਿਰੇ ਪਾਉਣਾ ਨਿਰੋਲ ਮਨਮਤ ਹੈ ਅਤੇ ਅਪਰਵਾਨ ਹਨ।

(੩) ਪੁਰਾਤਨ ਸਿੰਘ ਸਦਾ ਕਛਹਿਰੇ ਵਿਚ ਹੀ ਵਿਚਰਦੇ ਸਨ। ਇਥੋਂ ਤਕ ਕਿ ਜਿਥੇ ਕਿਤੇ ਵੀ ੨੦ ਜਾਂ ੨੫ ਸਿੰਘਾਂ ਦਾ ਜੱਥਾ ਇਸ਼ਨਾਨਾ ਸੋਧ ਕੇ ਕਛਹਿਰੇ ਸੁਕਣੇ ਪਾਉਂਦੇ ਸਨ ਤਾਂ ਤੁਰਕ ਫ਼ੌਜਾਂ ਨੂੰ ਇਥੋਂ ਤਕ ਭੈ ਭੀਤ ਕਰ ਦਿੰਦੇ ਸਨ ਕਿ ਸਿੰਘਾਂ ਦੀ ਬੜੀ ਭਾਰੀ ਛਾਉਣੀ ਹੈ ਜੋ ਕਿ ਤੰਬੂਆਂ ਸਮਾਨ ਲਗਦੇ ਸਨ।

ਦਾਸਰਾ—"ਸੂਰਾ" ਪਾਠਕ

---

## ਬਲੋਲਪੁਰ (ਡੇਹਰਾ ਬਾਬਾ ਨਾਨਕ) ਵਿਖੇ ਰੈਣ ਸਬਾਈ ਕੀਰਤਨ

ਗੁਰਮੁਖ ਪਿਆਰੇ ਡਾਕਟਰ ਬਸੰਤ ਸਿੰਘ ਜੀ ਦੀ ਸਾਲਾਨਾ ਬਰਸੀ ਦੀ ਯਾਦ ਵਿਚ ਗੁਰਸਿਖ ਸੰਗਤਾਂ ਦੇ ਜੋੜ-ਮੇਲੇ ਹੋ ਰਹੇ ਹਨ ਅਤੇ ੧੫ ਮਾਰਚ ੧੯੭੫ ਸ਼ਨੀਵਾਰ ਰਾਤ ਨੂੰ ਰੈਣ-ਸਬਾਈ ਅਰੰਭ ਹੋ ਕੇ ੧੬ ਮਾਰਚ ਐਤਵਾਰ ਸਵੇਰੇ ਭੋਗ ਪੈਣਗੇ। ਸਮੂੰਹ ਸੰਗਤਾਂ ਹਾਜ਼ਰੀਆਂ ਭਰ ਕੇ ਗੁਰੂ ਕੀਆਂ ਖ਼ੁਸ਼ੀਆਂ ਪ੍ਰਾਪਤ ਕਰਨ।

ਦਰਸ਼ਨ ਅਭਿਲਾਖੀ ਦਾਸਰੇ—

ਨਿਰੰਕਾਰ ਸਿੰਘ ਬੁੱਢਾ ਸਿੰਘ, ਗੁਰਦਵਾਰਾ ਬੰਗਲਾ ਸਾਹਿਬ, ਬਲੋਲਪੁਰ, ਜ਼ਿਲਾ ਗੁਰਦਾਸਪੁਰ

ਡੇਰਾ ਬਾਬਾ ਨਾਨਕ—ਬਟਾਲਾ ਰੋਡ, ਡੇਰੇ ਤੋਂ ੩ ਮੀਲ ਤੇ ਬਟਾਲੇ ਤੋਂ ੧੫ਵੇਂ ਮੀਲ ਤੇ

---

## ਰਈਆ (ਅੰਮ੍ਰਿਤਸਰ) ਵਿਚ ਰੈਣ ਸਬਾਈ ਕੀਰਤਨ

ਸਮੂੰਹ ਸੰਗਤਾਂ ਦੀ ਸੇਵਾ ਵਿਖੇ ਬੇਨਤੀ ਹੈ ਕਿ ਰਈਆ ਮੰਡੀ (ਜੀ. ਟੀ. ਰੋਡ) ਦੇ ਵੱਡੇ ਗੁਰਦੁਆਰੇ ਵਿਖੇ ੨੨ ਮਾਰਚ ਸ਼ਨੀਵਾਰ ਰਾਤ ਨੂੰ ਰੈਣ-ਸਬਾਈ ਕੀਰਤਨ ਹੋ ਰਹੇ ਹਨ। ਸਮੂੰਹ ਪਿਆਰੇ ਦਰਸ਼ਨ ਦੀਦਾਰੇ ਬਖ਼ਸ਼ ਕੇ ਨਿਵਾਜੋ ਜੀ।

ਦਾਸਰਾ—ਦਰਸ਼ਨ ਸਿੰਘ ਬਜ਼ਾਜ਼, ਰਈਆ ਮੰਡੀ, ਜ਼ਿਲਾ ਅੰਮ੍ਰਿਤਸਰ

www.AKJ.Org

# ਮਾਤਾ ਸੁਲੱਖਣੀ ਜੀ

[ ਵਲੋਂ—ਸ: ਵਰਿਆਮ ਸਿੰਘ ਜੀ, ਗਾਂਧੀ ਨਗਰ, ਦਿੱਲੀ-੩੧ ]

ਮਾਤਾ ਸੁਲੱਖਣੀ ਜੀ ਦਾ ਜਨਮ ਸੰਨ ੧੪੭੬ ਈਸਵੀ ਨੂੰ ਮਾਤਾ ਚੰਦੋ ਰਾਣੀ ਅਤੇ ਪਿਤਾ ਬਾਬਾ ਮੂਲ ਚੰਦ ਜੀ ਦੇ ਘਰ, ਬਟਾਲੇ ਵਿਖੇ ਹੋਇਆ ਸੀ। ਬਟਾਲਾ ਅੰਮ੍ਰਿਤਸਰੋਂ ਪਠਾਨਕੋਟ ਨੂੰ ਜਾਣ ਵਾਲੀ ਸੜਕ ਤੇ ਪ੍ਰਸਿੱਧ ਸ਼ਹਿਰ ਹੈ। ਇਥੇ ਹੀ ਮਾਤਾ ਸੁਲੱਖਣੀ ਜੀ ਦਾ ਵਿਆਹ, ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸੰਨ ੧੪੮੭ ਈਸਵੀ ਵਿਚ ਹੋਇਆ ਸੀ। ਜਿਥੇ ਜੰਞ ਨੇ ਡੇਰਾ ਕੀਤਾ ਸੀ, ਉਥੇ ਅਜੇ ਵੀ ਉਸ ਵੇਲੇ ਦੀ ਯਾਦ ਵਿਚ ਕਚੀ ਕੰਧ ਦਾ ਨਮੂਨਾ ਸੰਭਾਲਿਆ ਹੋਇਆ ਹੈ। ਹਰ ਸਾਲ ਭਾਦਰੋਂ ਸੁਦੀ ਸਤ ਨੂੰ ਉਥੇ ਮੇਲਾ ਲਗਦਾ ਹੈ।

ਮਾਤਾ ਸੁਲੱਖਣੀ ਜੀ ਦੇ ਦੋ ਨਾਂ ਇਤਿਹਾਸ ਵਿਚ ਹੋਰ ਵੀ ਲਿਖੇ ਹੋਏ ਮਿਲਦੇ ਹਨ —

੧. ਮਾਤਾ ਘੁਮੀ ਜੀ—ਇਹ ਨਾਂ ਸੋਢੀ ਮੇਹਰਬਾਨ ਜੀ ਨੇ ਆਪਣੀ ਰਚਿਤ ਪੁਸਤਕ 'ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ' ਵਿਚ ਵਰਤਿਆ ਹੈ। ਇਹ ਨਾਂ ਉਨ੍ਹਾਂ ਨੇ ਕਿਉਂ ਵਰਤਿਆ, ਕੁਝ ਪਤਾ ਨਹੀਂ ਲਗਦਾ।

੨. ਮਾਤਾ ਚੋਣੀ ਜੀ—ਇਹ ਨਾਂ ਕਈ ਇਤਿਹਾਸਕਾਰਾਂ ਨੇ ਵਰਤਿਆ ਹੈ। ਇਸ ਦਾ ਕਾਰਨ ਇਹ ਸੀ ਕਿ ਬਾਬਾ ਮੂਲ ਚੰਦ ਜੀ ਦੀ ਗੋਤ ਚੋਣਾ ਸੀ, ਇਸ ਲਈ ਉਨ੍ਹਾਂ ਦੀ ਬੱਚੀ, ਮਾਤਾ ਚੋਣੀ ਜੀ ਕਰਕੇ ਪ੍ਰਸਿਧ ਹੋਏ।

ਗੁਰੂ ਨਾਨਕ ਦੇਵ ਜੀ ਸੁਲਤਾਨਪੁਰ ਵਿਖੇ ਮੋਦੀਖ਼ਾਨੇ ਦਾ ਕੰਮ ਕਰਦੇ ਸਨ। ਮਾਤਾ ਸੁਲੱਖਣੀ ਜੀ ਇਥੇ ਹੀ ਵਿਆਹੇ ਆਏ ਤੇ ਇਥੇ ਹੀ ਵਸੇ। ਗੁਰੂ ਸਾਹਿਬ ਜੀ ਦੀ ਵੱਡੀ ਭੈਣ, ਬੇਬੇ ਨਾਨਕੀ ਜੀ ਅਤੇ ਭਣਵਈਆ ਭਾਈ ਜੈਰਾਮ ਜੀ ਵੀ ਇਥੇ ਰਹਿੰਦੇ ਸਨ। ਗੁਰੂ ਸਾਹਿਬ ਨੇ ਕੁਝ ਦਿਨ ਆਪਣੀ ਰਿਹਾਇਸ਼ ਦਾ ਪ੍ਰਬੰਧ ਭੈਣ ਦੇ ਘਰ ਹੀ ਰਖਿਆ, ਫਿਰ ਅੱਡ ਹੋ ਜਾਣਾ ਯੋਗ ਸਮਝਿਆ ਅਤੇ ਅੱਡ ਹੋ ਗਏ।

ਗੁਰੂ ਨਾਨਕ ਸਾਹਿਬ, ਜੋ ਅਕਾਲ ਪੁਰਖ ਨਾਲ ਸਦਾ ਇਕ ਮਿਕ ਹੋਏ ਰਹਿੰਦੇ ਸਨ, ਵਿਆਹ ਕਰਾ ਕੇ ਵੀ ਆਪ ਦੇ ਜੀਵਨ ਵਿਚ ਕੋਈ ਫ਼ਰਕ ਨਹੀਂ ਪਿਆ। ਸਗੋਂ ਮਾਤਾ ਸੁਲੱਖਣੀ ਜੀ ਨੇ ਆਪ ਦਾ ਅਦੁੱਤੀ ਸਾਥ ਦਿਤਾ, ਜੋ ਸੁਨਹਿਰੀ ਹਰਫ਼ਾਂ ਵਿਚ ਲਿਖਿਆ ਜਾਣ ਵਾਲਾ ਹੈ। ਆਪ ਦੀ ਕੀਰਤੀ ਤਾਂ ਦੂਰ ਦੂਰ ਤਕ ਫੈਲੀ ਹੋਈ ਸੀ। ਕਈ ਸਾਧੂ ਅਤੇ ਗ੍ਰਿਹਸਤੀ ਲੋਕ ਆਪ ਦੀ ਸੰਗਤ ਕਰਨ ਆ ਜਾਇਆ ਕਰਦੇ ਸਨ। ਫਿਰ ਆਪ ਜਦੋਂ ਘਰ ਆ ਕੇ ਖਾਣਾ ਖਾਇਆ ਕਰਦੇ ਸਨ ਤਾਂ ਇਤਿਹਾਸ ਵਿਚ ਲਿਖਿਆ ਹੈ ਕਿ ਕੋਈ ਦਿਨ ਅਜਿਹਾ ਨਹੀਂ ਸੀ ਹੁੰਦਾ, ਜਿਸ ਦਿਨ ਆਪ ਦੇ ਖਾਣੇ ਨਾਲ ਪੰਜ ਛੇ ਅਤਿਥੀ ਸ਼ਾਮਲ ਨਹੀਂ ਸਨ ਹੁੰਦੇ। ਪਰ ਇਹ ਸਾਰਾ ਸਿਲਾ ਮਾਤਾ ਸੁਲੱਖਣੀ ਜੀ ਨੂੰ ਜਾਂਦਾ ਹੈ। ਆਪ ਨੇ ਕਦੇ ਮਥੇ ਵੱਟ ਨਹੀਂ ਸੀ ਪਾਇਆ। ਸਭ ਅਤਿਥੀਆਂ ਲਈ ਖਾਣਾ ਪਰੋਸਦੇ ਰਹੇ। ਆਪਣੇ ਪਤੀ ਦੀ ਖ਼ੁਸ਼ੀ ਨੂੰ ਆਪਣੀ ਖ਼ੁਸ਼ੀ ਸਮਝਿਆ।

ਅੱਜ ਕਲ੍ਹ ਦੀਆਂ ਚੰਚਲ-ਮਤ ਵਾਲੀਆਂ ਪਤਨੀਆਂ ਆਪਣੇ ਪਤੀਆਂ ਨੂੰ ਸਾਫ਼ ਕਹਿ ਦਿੰਦੀਆਂ ਹਨ ਕਿ ਸਾਡੇ ਪਾਸੋਂ ਨਹੀਂ ਤੁਹਾਡੇ ਦੋਸਤਾਂ ਦਾ ਖਾਣਾ ਪਕਦਾ। ਪਰ ਧੰਨ ਮਾਤਾ ਸੁਲੱਖਣੀ ਜੀ, ਜਿਨ੍ਹਾਂ ਨੇ ਉਹ ਕੁਝ ਕਰ ਦਿਖਾਇਆ, ਜੋ ਕੋਈ ਭਾਗਾਂ ਵਾਲੀ ਇਸਤ੍ਰੀ ਹੀ ਅਜਿਹੀ ਕਰ ਸਕਦੀ ਹੈ। ਸ: ਈਸ਼ਰ ਸਿੰਘ ਅਟਾਰੀ ਇਸੇ ਲਈ ਲਿਖਦੇ ਹਨ ਕਿ ਜੇ ਇਹ ਕਹਿ ਦਿਤਾ ਜਾਵੇ ਕਿ ਪਿਛੋਂ ਕਰਤਾਰਪੁਰ ਜਾ ਕੇ ਜਿਸ ਅਤਿਥੀ ਮਾਨ-ਮਰਿਆਦਾ ਨੇ ਸੰਗਤ ਅਤੇ ਪੰਗਤ ਦਾ ਰੂਪ ਧਾਰਿਆ ਅਤੇ ਗੁਰੂ ਕੇ ਲੰਗਰ ਦਾ ਨਾਂ ਪ੍ਰਾਪਤ ਕੀਤਾ, ਉਸ ਰੂਪ ਵਿਚ ਜਨਮ ਦੇਣ ਵਾਲਾ ਮਾਤਾ ਸੁਲੱਖਣੀ ਹੀ ਹੈ।

ਬੇਬੇ ਨਾਨਕੀ ਜੀ ਇਹ ਸਮਝਦੇ ਸਨ ਕਿ ਮੇਰੇ ਨਿਰੰਕਾਰੀ ਵੀਰ ਜੀ ਦੀ ਅਰਧੰਗੀ ਹੋਣ ਦਾ ਮਾਣ ਜਿਸ ਵਡਭਾਗਣ ਇਸਤ੍ਰੀ ਨੂੰ ਪ੍ਰਾਪਤ ਹੋਇਆ ਹੈ ਉਹ ਸਚ ਮੁਚ ਹੀ ਸੁਭ-ਲਖਣਾਂ ਵਾਲੀ ਸੁਲੱਖਣੀ ਹੈ। ਇਹ ਇਨ੍ਹਾਂ ਦੇ ਪੂਰਬਲੇ ਸ਼ੁਭ ਕਰਮਾਂ ਦਾ ਫਲ ਹੈ। ਇਸੇ ਕਰਕੇ "ਆਪਿ ਨਰਾਇਣੁ ਕਲਾ ਧਾਰਿ, ਜਗ ਮਹਿ ਪਰਵਰਿਯਉ" ਰੂਪੀ ਪਤੀ ਦਾ ਸੰਗ ਪ੍ਰਾਪਤ ਹੋਇਆ ਹੈ।

ਗੁਰੂ ਨਾਨਕ ਦੇਵ ਜੀ ਦੇ ਘਰ ਦੋ ਸਾਹਿਬਜ਼ਾਦੇ ਹੋਏ



www.AKJ.Org

ਸਨ—ਬਾਬਾ ਸ੍ਰੀ ਚੰਦ ਜੀ ਅਤੇ ਬਾਬਾ ਲਖਮੀ ਦਾਸ ਜੀ। ਗੁਰੂ ਸਾਹਿਬ ਨੇ ਜਦੋਂ ਸਤੰਬਰ ੧੫੦੮ ਈਸਵੀ ਨੂੰ ਸੁਲਤਾਨਪੁਰੋਂ ਪਹਿਲੀ ਉਦਾਸੀ ਦਾ ਅਰੰਭ ਕੀਤਾ ਤਾਂ ਉਸ ਸਮੇਂ ਬਾਬਾ ਸ੍ਰੀ ਚੰਦ ਦੀ ਉਮਰ ਤਿੰਨ ਸਾਲ ਸੀ ਅਤੇ ਬਾਬਾ ਲਖਮੀ ਦਾਸ ਦੀ ਇਕ ਸਾਲ ਸੀ। ਭਾਵੇਂ ਪਤੀ-ਵਿਛੋੜੇ ਦਾ ਦੁਖ ਪਤਨੀ ਲਈ ਅਸਹਿ ਹੁੰਦਾ ਹੈ, ਪਰ ਮਾਤਾ ਸੁਲੱਖਣੀ ਜੀ ਨੇ ਨਿਰੰਕਾਰੀ ਹੁਕਮ ਦੀ ਰਜ਼ਾ ਵਿਚ ਸਿਰ ਝੁਕਾ ਦਿਤਾ ਅਤੇ ਸਤਿਗੁਰਾਂ ਦੇ ਮਹਾਨ ਪ੍ਰੋਗਰਾਮ ਵਿਚ ਕੋਈ ਵਿਘਨ ਨਾ ਪਾਇਆ।

ਆਮ ਤੌਰ ਤੇ ਦੇਖਿਆ ਜਾਂਦਾ ਹੈ ਕਿ ਕਈ ਇਸਤ੍ਰੀਆਂ ਆਪਣੇ ਬੱਚਿਆਂ ਨੂੰ ਉਨ੍ਹਾਂ ਦੇ ਪਿਤਾ ਦੀ ਗ਼ੈਰ-ਹਾਜ਼ਰੀ ਵਿਚ ਆਪਣੀ ਆਗਿਆ ਵਿਚ ਚਲਾਉਣ ਤੋਂ ਅਸਮਰਥ ਰਹਿੰਦੀਆਂ ਹਨ, ਪਰ ਮਾਤਾ ਸਲੱਖਣੀ ਜੀ ਵਿਚ ਇਹ ਚੀਜ਼ ਨਹੀਂ ਸੀ। ਗੁਰੂ ਸਾਹਿਬ ਦੀ ਗ਼ੈਰ-ਹਾਜ਼ਰੀ ਵਿਚ ਦੋਹਾਂ ਪੁੱਤਰਾਂ ਦੀ ਚੰਗੀ ਤੇ ਸੁਚੱਜੀ ਪਾਲਣਾ ਕੀਤੀ।

ਜਦੋਂ ਗੁਰੂ ਨਾਨਕ ਦੇਵ ਜੀ ੧੫੧੫ ਈਸਵੀ ਦੇ ਅਖ਼ੀਰ ਵਿਚ ਤਲਵੰਡੀ ਪਹੁੰਚੇ ਅਤੇ ਮਾਤਾ ਪਿਤਾ ਨੂੰ ਮਿਲ ਕੇ 'ਪਖੋ ਕੇ ਰੰਧਾਵੇ' ਆਏ ਤਾਂ ਇਥੇ ਮਾਤਾ ਸੁਲੱਖਣੀ ਜੀ ਦੋਹਾਂ ਪੁੱਤਰਾਂ ਸਮੇਤ ਆਣ ਮਿਲੇ। 'ਪਖੋ ਕੇ ਰੰਧਾਵੇ' ਜ਼ਿਲਾ ਗੁਰਦਾਸਪੁਰ ਵਿਚ ਡੇਰਾ ਬਾਬਾ ਨਾਨਕ ਤੋਂ ਪੰਜ ਕੁ ਮੀਲ ਦੀ ਵਿਥ ਉਤੇ ਹੈ। ਬਾਬਾ ਮੂਲ ਚੰਦ ਜੀ ਇਥੋਂ ਦੇ ਪਟਵਾਰੀ ਸਨ। ਮਾਤਾ ਸੁਲੱਖਣੀ ਜੀ ਨੇ ਗੁਰੂ ਸਾਹਿਬ ਨੂੰ ਕਿਹਾ—"ਸਵਾਮੀ ਜੀ! ਤੁਸੀਂ ਬਹੁਤ ਵੱਡੇ ਹੋ। ਮੈਂ ਇਕ ਅਦਨਾ ਇਸਤ੍ਰੀ ਤੁਹਾਡੇ ਗੁਣਾਂ ਨੂੰ ਕੀ ਜਾਣ ਸਕਦੀ ਹਾਂ? ਤੁਸਾਂ ਜੋ ਦੁਨੀਆ ਦੇ ਕਲਿਆਨ ਹਿਤ ਕੰਮ ਅਰੰਭੇ ਹੋਏ ਹਨ, ਉਸ ਰਸਤੇ ਵਿਚ ਮੈਂ ਅਟਕਾ ਨਹੀਂ ਪਾਵਾਂਗੀ, ਪਰ ਹੁਣ ਮੈਂ ਬਿਨੈ ਕਰਦੀ ਹਾਂ ਕਿ ਦਾਸੀ ਨੂੰ ਬਾਕੀ ਆਯੂ ਆਪਣੇ ਚਰਨਾਂ ਵਿਚ ਹੀ ਰਖੋ। ਮਾਤਾ ਪਿਤਾ ਦੇ ਉਲਾਂਭੇ ਹੁਣ ਅਸਹਿ ਹਨ। ਕਿਰਪਾ ਕਰੋ ਤੇ ਹੁਣ ਮੈਨੂੰ ਆਪਣੀ ਸੇਵਾ ਵਿਚ ਰਖੋ।"

ਇਹ ਬਿਨੈ ਸੁਣ ਕੇ ਗੁਰੂ ਸਾਹਿਬ ਮਿਹਰਾਂ ਦੇ ਘਰ ਆਏ ਅਤੇ ਫ਼ੁਰਮਾਇਆ—"ਸੁਲੱਖਣੀ! ਜੇ ਸਚਮੁਚ ਹੀ ਮਾਪੇ ਤੈਨੂੰ ਬੋਝ ਸਮਝਦੇ ਹਨ ਤਾਂ ਪੁੱਤਰਾਂ ਸਮੇਤ ਸਾਡੇ ਪਾਸ ਆ ਜਾ। ਅਸਾਂ ਹੁਣ ਜੋ ਲੰਗਰ ਚਲਾਉਣਾ ਹੈ, ਉਸ ਦਾ ਸਾਰਾ ਪ੍ਰਬੰਧ ਤੈਨੂੰ ਸੌਂਪਦੇ ਹਾਂ। ਸਾਧ ਸੰਗਤ ਦੀ ਸੇਵਾ ਕਰੋ ਤੇ ਅਤੁੱਟ ਲੰਗਰ ਚਲਾਓ।

ਇਸ ਤਰ੍ਹਾਂ ਮਾਤਾ ਸੁਲੱਖਣੀ ਜੀ ਨੇ ਜਗਤ-ਸੇਵਾ ਦਾ ਭਾਰ ਸਿਰ ਤੇ ਚਾ ਲਿਆ ਅਤੇ ਸੰਗਤਾਂ ਵਿਚ ਪੂਜਨੀਕ ਮਾਤਾ ਬਣ ਗਏ।

ਜਨਵਰੀ ਸੰਨ ੧੫੧੬ ਈਸਵੀ ਨੂੰ ਗੁਰੂ ਸਾਹਿਬ ਨੇ ਦਰਿਆ ਰਾਵੀ ਦੇ ਕੰਢੇ 'ਕਰਤਾਰ ਪੁਰ' ਨਾਂ ਦਾ ਇਕ ਪਿੰਡ ਵਸਾਇਆ। ਕਈ ਸਿੱਖਾਂ ਨੇ ਆਪਣਾ ਇਥੇ ਸਦਾ ਲਈ ਵਸੇਬਾ ਬਣਾ ਲਿਆ। ਗੁਰੂ ਸਾਹਿਬ ਨੇ ਇਕ ਲੰਗਰ ਚਲਾਇਆ, ਜਿਸ ਦਾ ਪ੍ਰਬੰਧ ਮਾਤਾ ਸੁਲੱਖਣੀ ਜੀ ਬੜੇ ਚਾਉ ਤੇ ਪਿਆਰ ਨਾਲ ਕਰਨ ਲਗੇ। ਗੁਰੂ ਸਾਹਿਬ ਨੇ ਆਪਣੀਆਂ ਬਾਕੀ ਤਿੰਨ ਉਦਾਸੀਆਂ ਇਥੋਂ ਹੀ ਸ਼ੁਰੂ ਕੀਤੀਆਂ ਅਤੇ ਸੰਨ ੧੫੨੧ ਈਸਵੀ ਵਿਚ ਆ ਕੇ ਇਥੇ ਹੀ ਸਮਾਪਤ ਕੀਤੀਆਂ। ਉਦਾਸੀ ਭੇਖ ਉਤਾਰ ਦਿੱਤਾ ਅਤੇ ਗ੍ਰਿਹਸਥੀਆਂ ਵਾਲੇ ਕਪੜੇ ਪਾ ਲਏ। ਖੇਤੀ ਬਾੜੀ ਦਾ ਕੰਮ ਸ਼ੁਰੂ ਕਰ ਕੇ ਲੋਕਾਂ ਨੂੰ ਇਸ ਗੱਲ ਦਾ ਅਮਲੀ ਸਬੂਤ ਦਿੱਤਾ ਕਿ—

ਘਾਲਿ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹੁ ਪਛਾਣਹਿ ਸੇਇ॥੧॥

[ਵਾਰ ਸਾਰੰਗ ਮਹਲਾ ੧, ਪੰਨਾ ੧੨੪੫

ਮਾਤਾ ਸੁਲੱਖਣੀ ਜੀ ਖੇਤੀ ਬਾੜੀ ਦੇ ਕੰਮ ਵਿਚ ਵੀ ਗੁਰੂ ਸਾਹਿਬ ਦੀ ਹਰ ਤਰ੍ਹਾਂ ਨਾਲ ਮਦਦ ਕਰਦੇ ਸਨ। ਗੁਰੂ ਕਾ ਲੰਗਰ ਜੋ ਸਦਾ ਚਾਲੂ ਰਹਿੰਦਾ ਸੀ, ਉਸ ਵਿਚ ਤਾਂ ਮਾਤਾ ਸੁਲੱਖਣੀ ਜੀ ਜੁਟੇ ਰਹਿੰਦੇ ਸਨ ਅਤੇ ਸੇਵਾ ਕਰਦੇ ਥਕਦੇ ਨਹੀਂ ਸਨ। ਬਾਹਰੋਂ ਵੀ ਜੋ ਸੰਗਤਾਂ ਆਉਣੀਆਂ, ਉਨ੍ਹਾਂ ਦੀ ਆਉ ਭਗਤ ਕਰਨ ਵਿਚ ਹਮੇਸ਼ਾ ਤਤਪਰ ਰਹਿੰਦੇ ਸਨ।

ਫਿਰ ਹੋਰ ਦੇਖੋ! ਮਾਤਾ ਸੁਲੱਖਣੀ ਜੀ ਵਾਹਿਗੁਰੂ ਦੇ ਨਾਮ ਵਿਚ ਵੀ ਆਪਣੀ ਸੁਰਤ ਨੂੰ ਸਦਾ ਜੋੜੀ ਰਖਦੇ ਸਨ। ਗੁਰੂ ਸਾਹਿਬ ਵਲੋਂ ਜੋ ਦੋਨੋਂ ਵੇਲੇ ਦੀਵਾਨ ਸਜਦਾ ਸੀ, ਉਸ ਵਿਚ ਵੀ ਪੂਰਾ ਹਿੱਸਾ ਲੈਂਦੇ ਸਨ। ਮਾਨੋ! ਮਾਤਾ ਸੁਲੱਖਣੀ ਜੀ ਆਪਣੇ ਆਪ ਨੂੰ ਸਿਰਫ਼ ਗੁਰੂ ਸਾਹਿਬ ਦੀ ਧਰਮ-ਪਤਨੀ ਹੀ ਨਹੀਂ ਸਨ ਸਮਝਦੇ,



www.AKJ.Org

ਬਲਕਿ 'ਸੱਚਾ ਸਿੱਖ' ਬਣਨ ਦਾ ਮਾਣ ਵੀ ਪ੍ਰਾਪਤ ਕਰ ਰਹੇ ਸਨ ।

ਗੁਰੂ ਨਾਨਕ ਦੇਵ ਜੀ ੨੨ ਸਤੰਬਰ ਸੰਨ ੧੫੩੯ ਈਸਵੀ ਨੂੰ ਜੋਤੀ ਜੋਤ ਸਮਾ ਗਏ। ਮਾਤਾ ਸੁਲੱਖਣੀ ਜੀ ਜਿਨ੍ਹਾਂ ਨੇ ਅਗੇ ਹੀ ਜਵਾਨੀ ਉਮਰ ਵਿਚ ਗੁਰੂ ਸਾਹਿਬ ਦੇ ਵਿਛੋੜੇ ਵਿਚ ਕਈ ਸਾਲ ਗੁਜ਼ਾਰੇ ਸਨ, ਪਰ ਦਿਲ ਨੂੰ ਇਹ ਧੀਰਜ ਤਾਂ ਹੁੰਦੀ ਸੀ ਕਿ ਕਦੀ ਪਤੀ ਜੀ ਦੇ ਦਰਸ਼ਨ ਹੋਣਗੇ ਹੀ, ਪਰ ਹੁਣ ਤਾਂ ਵਿਛੋੜਾ ਸਦਾ ਲਈ ਪੈ ਗਿਆ। ਆਪ ਜੀ ਰੱਬੀ-ਰਜ਼ਾ ਨੂੰ ਮੰਨਦੇ ਹੋਏ ਅੰਦਰ ਦੀ ਪੀੜ ਨੂੰ ਅੰਦਰ ਹੀ ਜਰੀ ਗਏ।

ਜਿਸੁ ਪਿਆਰੇ ਸਿਉ ਨੇਹੁ, ਤਿਸੁ ਆਗੈ ਮਰਿ ਚਲੀਐ ॥ ਧ੍ਰਿਗੁ ਜੀਵਣੁ ਸੰਸਾਰਿ, ਤਾ ਕੈ ਪਾਛੈ ਜੀਵਣਾ ॥੨॥

[ਮ: ੨, ਪੰਨਾ ੮੩

ਵਿਛੋੜਾ ਸੁਣੇ ਡੁਖੁ, ਵਿਣੁ ਡਿਠੇ ਮਰਿਓਦਿ ॥
ਬਾਝੁ ਪਿਆਰੇ ਆਪਣੇ, ਬਿਰਹੀ ਨ ਧੀਰੋਦਿ ॥੬॥

[ਮ: ੩, ਪੰਨਾ ੧੧੦੦

ਮਾਤਾ ਸੁਲੱਖਣੀ ਜੀ ਲਈ ਇਹ ਅਸਹਿ-ਵਿਛੋੜਾ ਅਤੀ ਕਠਨ ਸੀ । ਸਤਿਗੁਰਾਂ ਦੇ ਸਚਖੰਡ ਪਧਾਰਨ ਪਿਛੋਂ ਮਾਤਾ ਜੀ ਦਾ ਬਹੁਤ ਚਿਰ ਜੀਊਣਾ ਅਸੰਭਵ ਸੀ । ਉਹ ਪਤੀ-ਵਿਛੋੜੇ ਵਿਚ ਕਿਵੇਂ ਜੀ ਸਕਦੇ ਸਨ ?

ਨਾਨਕ ਸਤੀਆ ਜਾਣੀਅਨਿ, ਜਿ ਬਿਰਹੇ ਚੋਟ ਮਰੰਨਿ ॥

[ਪੰਨਾ ੭੮੭

ਸੋ ਮਾਤਾ ਜੀ ਇਸ ਬ੍ਰਿਹੇ ਦੀ ਚੋਟ ਵਿਚ ਛੇਤੀ ਹੀ ਕੁਝ ਦਿਨਾਂ ਪਿਛੋਂ ਸਚਖੰਡ ਪਿਆਨੇ ਕਰ ਗਏ।

ਭਾਈ ਮਨੀ ਸਿੰਘ ਵਾਲੀ ਜਨਮਸਾਖੀ ਵਿਚ ਲਿਖਿਆ ਹੈ ਕਿ ਮਾਤਾ ਸੁਲੱਖਣੀ ਜੀ ਦਾ ਦੇਹਾਂਤ ਗੁਰੂ ਸਾਹਿਬ ਦੇ ਜੋਤੀ ਜੋਤ ਸਮਾਉਣ ਤੋਂ ਪੰਦਰ੍ਹਾਂ ਦਿਨਾਂ ਬਾਅਦ ਹੋਇਆ ਸੀ।

---


# ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

ਇਨ੍ਹਾਂ ਪੁਸਤਕਾਂ ਨੂੰ ਪੜ੍ਹ ਕੇ ਗੁਰਮਤਿ ਦੀ ਸੋਝੀ ਪੈਂਦੀ ਹੈ, ਗੁਰੂ ਚਰਨਾਂ ਨਾਲ ਪ੍ਰੀਤ ਉਪਜਦੀ ਹੈ ਅਤੇ ਨਾਮ-ਰੰਗਾਂ ਵਿਚ ਰੰਗੀਜੇ ਜਾਈਦਾ ਹੈ ।

| | | | |
|---|---|---|---|
| ਜੇਲ੍ਹ ਚਿੱਠੀਆਂ | ੭-੦੦ | ਗੁਰਮਤਿ ਸਚ ਨਿਰਣੇ | ੬-੦੦ |
| ਗੁਰਮਤਿ ਗੌਰਵਤਾ | ੭-੦੦ | ਰੰਗਲੇ ਸਜਣ | ੩-੫੦ |
| ਅਨਹਦ ਸ਼ਬਦ ਦਸਮ ਦੁਆਰ | ੩-੫੦ | ਸੰਤ ਪਦ ਨਿਰਣੈ | ੩-੦੦ |
| ਦਰਸ਼ਨ ਝਲਕਾਂ | ੨-੫੦ | ਝਟਕਾ ਮਾਸ ਪ੍ਰਥਾਇ ਗੁਰਮਤਿ ਨਿਰਣਯ | ੩-੦੦ |
| ਗੁਰਮਤਿ ਰਮਜ਼ਾਂ (ਟ੍ਰੈਕਟ) | ੧-੩੦ | ਗੁਰਮਤਿ ਬਿਬੇਕ | ਛੇਤੀ ਆ ਰਹੀ ਹੈ |
| ਅਣਪਰਖਿਆ ਹੀਰਾ (ਭਾਈ ਸਾਹਿਬ ਜੀ ਬਾਰੇ) | ੦-੭੫ | ਅੰਮ੍ਰਿਤ ਕੀ ਹੈ (ਟ੍ਰੈਕਟ) | ਛੇਤੀ ਆ ਰਿਹਾ ਹੈ |

ਇਨ੍ਹਾਂ ਤੋਂ ਬਿਨਾਂ ਹੋਰ ਬਹੁਤ ਸਾਰੀਆਂ ਪੁਸਤਕਾਂ ਤੇ ਟ੍ਰੈਕਟ ਗੁਰਮਤਿ ਨੂੰ ਉਜਾਗਰ ਕਰਦੀਆਂ ਹਨ, ਜੋ ਛੇਤੀ ਹੀ ਨਵੀਆਂ ਐਡੀਸ਼ਨਾਂ ਦੇ ਰੂਪ ਵਿਚ ਆਉਣਗੀਆਂ ।

ਪੁਸਤਕਾਂ ਮੰਗਾਣ ਲਈ

**੧. ਭਾ: ਸਾਹਿਬ ਰਣਧੀਰ ਸਿੰਘ ਪਬਲਿਸ਼ਿੰਗ ਹਾਊਸ,੧੨੬-R, ਮਾਡਲ ਟਾਊਨ, ਲੁਧਿਆਣਾ**

**੨. ਮੈਨੇਜਰ 'ਸੂਰਾ' ਮਾਸਕ ਪੱਤਰ, ਕੂਚਾ ਚਤਰ ਸਿੰਘ, ਮਾਈ ਸੇਵਾਂ, ਅੰਮ੍ਰਿਤਸਰ**


---

# ਬਰੇਲੀ (ਯੂ. ਪੀ.) ਵਿਖੇ ਅਖੰਡ-ਕੀਰਤਨ

ਸੰਗਤਾਂ ਦੀ ਸੇਵਾ ਵਿਖੇ ਸਨਿਮਰ ਬੇਨਤੀ ਹੈ ਕਿ ਦਾਸ ਦੇ ਗ੍ਰਿਹਿ ਵਿਖੇ ੨੭ ਮਾਰਚ ੧੯੭੫ ਵੀਰਵਾਰ ਸਵੇਰੇ ੬ ਤੋਂ ੨ ਵਜੇ ਦੁਪਹਿਰ ਤਕ ਆਸਾ ਦੀ ਵਾਰ ਤੋਂ ਉਪਰੰਤ ਖੁਲ੍ਹੇ ਅਖੰਡ ਕੀਰਤਨ ਹੋਣਗੇ । ਸਮੂੰਹ ਵੀਰ ਭੈਣਾਂ ਦਰਸ਼ਨ ਦੀਦਾਰ ਬਖ਼ਸ਼ ਕੇ ਧੰਨਵਾਦੀ ਬਣਾਓ ਜੀ ।

ਦਾਸਰਾ—ਗੁਰਚਰਨ ਸਿੰਘ ਪ੍ਰੈਸ ਵਾਲੇ, ੧੯-ਏ, ਮਾਡਲ ਟਾਊਨ, ਬਰੇਲੀ



www.AKJ.Org

# ਸਿਖ ਧਰਮ ਤੇ ਮਾਸ ਸ਼ਰਾਬ (੫)

## [ ਗੁਰ-ਇਤਿਹਾਸ ਵਿਚ ਮਾਸ ਨਿਸ਼ੇਧ ]

[ ਵਲੋਂ—ਜੇ. ਪੀ. ਸੰਗਤ ਸਿੰਘ ਜੀ, ਮਲੁੰਡ ਕਾਲੋਨੀ, ਬੰਬਈ-੮੨ ]

### ਸ੍ਰੀ ਗੁਰੂ ਹਰਗੋਬਿੰਦ ਜੀ, ਸ੍ਰੀ ਗੁਰੂ ਹਰਰਾਇ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸ਼ਿਕਾਰ ਖੇਡਦੇ ਰਹੇ ਹਨ, ਪਰ ਕੀ ਮਾਸ ਖਾਣ ਲਈ ?

ਮਾਸ ਖਾਣ ਵਾਲੇ ਸਜਣ ਆਮ ਤੌਰ ਤੇ ਆਪਣੀ ਮਾਸ ਖਾਣ ਦੀ ਕੁ-ਵਾਦੀ ਨੂੰ ਅਤੇ ਮਾਸ ਖਾਣ ਦੇ ਚਸਕੇ ਨੂੰ ਗੁਰਮਤਿ ਅਨੁਕੂਲ ਦਰਸਾਣ ਲਈ ਉਪ੍ਰੋਕਤ ਤਿੰਨੇ ਸਤਿਗੁਰੂ ਸਾਹਿਬਾਨ ਦੇ ਸ਼ਿਕਾਰ ਖੇਡਣ ਦੇ ਕੌਤਕਾਂ ਦਾ ਸਹਾਰਾ ਲੈਂਦੇ ਹੋਏ, ਇਹਨਾਂ ਸਤਿਗੁਰੂ ਸਾਹਿਬਾਨ ਨੂੰ ਮਾਸਾ-ਹਾਰੀ ਕਹਿੰਦੇ ਸੁਣੇ ਜਾਂਦੇ ਹਨ। ਪਰ ਪਿਛੇ ਅਸੀਂ ਵੇਖ ਆਏ ਹਾਂ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਦੋ ਹੁਕਮ-ਨਾਮਿਆਂ ਵਿਚ ਆਪਣੇ ਸਿਖਾਂ ਸਤਿ-ਸੰਗੀਆਂ ਨੂੰ ਉਚੇਚੇ ਤੌਰ ਤੇ "ਮਾਸੁ ਮਛੀ ਦੇ ਨੇੜੇ ਨਹੀ ਆਵਣਾ" ਲਿਖ ਕੇ ਤਾੜਨਾ ਕੀਤੀ ਹੈ ਅਤੇ ਸਤਿਗੁਰੂ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਨੇ ਸੂਰਜ ਪ੍ਰਕਾਸ਼ ਦੇ ਸ਼ਬਦਾਂ ਵਿਚ ਇਹ ਖ਼ਾਸ ਹੁਕਮ ਕੀਤਾ ਹੋਇਆ ਸੀ ਕਿ ਉਹਨਾਂ ਦੇ ਲੰਗਰ ਵਿਚ ਕਿਧਰੇ ਭੁਲ ਕੇ ਵੀ :—

"ਆਮਿਖ ਨ ਪਰੈ ਦੇਗਿ, ਸਗਰੇ ਬਰਜ ਦੀਨ"

ਅਤੇ ਮਹਿਮਾ ਪ੍ਰਕਾਸ਼ ਅਨੁਸਾਰ :—

ਮਰਜਾਦਾ ਸਿਉ ਚੌਕਾ ਹੋਇ, ਭੁਗਤ ਪਵਿਤ੍ਰ ਪਾਵੈ
ਸਭ ਕੋਇ ।। ਮਾਸੁ ਆਦਿਕ ਲੰਗਰ ਨਹੀ ਹੋਇ,
ਗੁਰ ਆਗਿਆ ਕਰੀ ਨ ਖਾਵੈ ਕੋਇ ।।

ਮਾਸੁ ਜਿਹੀ ਘ੍ਰਿਣਤ ਵਸਤੂ ਨੂੰ ਲੰਗਰ ਵਿਚ ਵੜਨ ਦੇਣ, ਅਥਵਾ ਸਿਖਾਂ ਨੂੰ ਇਸ ਦੇ ਖਾਣ ਦੀ ਸਖ਼ਤ ਮਨਾਹੀ ਕਰ ਰਖੀ ਸੀ।

ਹੁਣ ਜਿਹੜੇ ਮਾਸਾਹਾਰੀ ਵੀਰ ਆਪਣੀ ਜੀਭ ਦੇ ਚਸਕੇ ਅਤੇ ਮਾਸ ਖਾਣ ਦੇ ਸੁਆਦ ਨੂੰ ਬਰਕਰਾਰ ਰਖਣ ਲਈ ਉਪ੍ਰੋਕਤ ਦੋਹਾਂ ਸਤਿਗੁਰੂ ਸਾਹਿਬਾਨ ਨੂੰ ਮਾਸਾਹਾਰੀ ਆਖਦੇ ਹਨ, ਉਹ ਇਹ ਨਹੀਂ ਸੋਚਦੇ ਕਿ ਉਹ ਸਤਿਗੁਰਾਂ ਉਤੇ

ਅਵਰ ਉਪਦੇਸੈ ਆਪਿ ਨ ਕਰੈ ।।
[ਸੁਖਮਨੀ ਸਾਹਿਬ, ਪੰਨਾ ੨੬੯

ਦਾ ਦੂਸ਼ਨ ਲਾ ਰਹੇ ਹਨ ਅਤੇ ਨਾਲ ਹੀ ਉਹਨਾਂ ਉਤੇ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅੰਗਦ ਦੇਵ ਜੀ ਦੀ ਬਧੀ ਮਰਯਾਦਾ, ਜਿਸ ਦੀ ਪ੍ਰੋੜ੍ਹਤਾ ਗੁਰੂ ਅਰਜਨ ਦੇਵ ਜੀ ਆਪਣੇ ਹੁਕਮਨਾਮੇ ਰਾਹੀਂ (ਮੁਹਸਨ ਫ਼ਾਨੀ ਦੇ ਲਿਖੇ ਅਨੁਸਾਰ) ਕਰਦੇ ਹਨ, ਦੀ ਵਿਰੋਧਤਾ ਦਾ ਇਲਜ਼ਾਮ ਵੀ ਥੋਪ ਰਹੇ ਹਨ।

ਇਹੋ ਸਲੂਕ ਹੀ ਉਹਨਾਂ ਸਜਣਾਂ ਵਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਵੀ ਕੀਤਾ ਜਾ ਰਿਹਾ ਹੈ।

ਇਤਿਹਾਸ ਦਸਦਾ ਹੈ ਕਿ ਉਪ੍ਰੋਕਤ ਸਤਿਗੁਰੂ ਸਾਹਿਬਾਨ ਸ਼ਿਕਾਰ ਜ਼ਰੂਰ ਖੇਡਦੇ ਸਨ, ਪਰ ਮਾਸ ਖਾਣ ਲਈ ਨਹੀਂ। ਜੇ ਖੋਜ ਕੀਤੀ ਜਾਏ ਤਾਂ ਇਹ ਗੱਲ ਸਪੱਸ਼ਟ ਹੋ ਜਾਏਗੀ ਕਿ ਸਤਿਗੁਰੂ ਸਾਹਿਬਾਨ ਨੇ ਜਿਤਨੀ ਵੇਰ ਵੀ ਸ਼ਿਕਾਰ ਕੀਤਾ ਤੇ ਇਹਨਾਂ ਸ਼ਿਕਾਰਾਂ ਵਿਚ ਜਿਤਨੇ ਵੀ ਜੀਵ ਮਰੇ ਉਹ ਉਹਨਾਂ ਨੇ ਪਿਛਲੇ ਜਨਮ ਦੇ ਕਿਸੇ ਸਰਾਪੇ ਸਜਣਾਂ ਦਾ ਉਧਾਰ ਹੀ ਕੀਤਾ ਜਾਂ ਫਿਰ ਕਮਜ਼ੋਰ ਤੇ ਨਿਰਬਲ ਜੀਵਾਂ ਦੀ ਰਖਿਆ ਲਈ ਸ਼ਿਕਾਰ ਕੀਤੇ ਸਨ।

### ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਵਡਾਲੀ ਵਿਖੇ ਸੂਰ ਮਾਰਨਾ—

ਛੇਵੇਂ ਸਤਿਗੁਰੂ ਜੀ ਨੇ ਵਡਾਲੀ ਵਿਖੇ ਇਕ ਸੂਰ ਦਾ ਸ਼ਿਕਾਰ ਕੀਤਾ। ਤਾਰੀਖ ਗੁਰੂ ਖਾਲਸਾ ਲਿਖਦੀ ਹੈ :—

ਤਦੋਂ ਨੂੰ ਇਕ ਜਗੀਰਦਾਰ ਨੇ ਖ਼ਬਰ ਦਿਤੀ ਕਿ ਇਕ ਬੜਾ ਭਾਰੀ ਸੂਰ ਇਸ ਸਮੇਂ ਸਾਡੇ ਕਮਾਦ ਵਿਚ ਹੈ। ਕਈ ਸਾਲ ਤੋਂ ਸਾਡੀਆਂ ਖੇਤੀਆਂ ਦਾ ਬਹੁਤ ਨੁਕਸਾਨ ਕਰ ਰਿਹਾ ਹੈ। ਅਨੇਕ ਸ਼ਿਕਾਰੀ ਜ਼ੋਰ ਲਾ ਗਏ ਹਨ, ਮਾਰਿਆ ਕਿਸੇ ਕੋਲੋਂ ਨਹੀਂ ਗਿਆ। ਉਸੇ ਘੜੀ ਗੁਰੂ ਸਾਹਿਬ ਜੀ ਅਸਵਾਰ ਹੋ ਕੇ ਉਥੇ ਪਹੁੰਚੇ ਤਾਂ ਪੈਂਦੇ ਖ਼ਾਨ ਦੇ ਅਗੋਂ ਦੀ ਉਹ ਸੂਰ ਲੰਘਿਆ, ਓਹਨੇ ਭਾਲਾ ਮਾਰਿਆ, ਕਾਰੀ ਨਾ ਲਗਾ। ਸੂਰ ਨੇ ਅਖ ਨਾ ਝਪਕਣ



www.AKJ.Org

ਦਿਤੀ, ਅਜਿਹੀ ਹੁਡ ਘੋੜੇ ਨੂੰ ਮਾਰੀ, ਚੀਰ ਕੇ ਸੁਟ ਦਿਤਾ। ਪੈਂਦੇ ਖ਼ਾਨ ਨੇ ਡਿਗਦੇ ਹੋਏ ਪੁਕਾਰਿਆ "ਮੈਂ ਮੋਇਆ, ਗੁਰੂ ਜੀ ਬਚਾਓ", ਅਜੇ ਸੂਰ ਥੋੜ੍ਹੀ ਦੂਰ ਗਿਆ ਸੀ ਕਿ ਭਲਣ ਨੇ ਜਾ ਘੇਰਿਆ ਤਾਂ ਗੁਰੂ ਜੀ ਨੇ ਲਮਕ ਕੇ ਅਜਿਹੀ ਸਰੋਹੀ ਵਾਹੀ ਕਿ ਦੋ ਕਰ ਸੁਟਿਆ। ਜਟਾਂ ਨੇ ਬਹੁਤ ਖੁਸ਼ੀ ਮਨਾਈ।

ਫੁਟ ਨੋਟ ਵਿਚ ਲਿਖਿਆ ਹੈ :—

ਪੋਥੀਆਂ ਵਿਚ ਲਿਖਿਆ ਹੈ ਕਿ ਉਹਦਾ ਦੇਵਤਾ ਬਣਾ ਕੇ ਗੁਰੂ ਜੀ ਦੀ ਉਸਤਤੀ ਕੀਤੀ। ਬਿਧੀ ਚੰਦ ਦੇ ਪੁਛਣ ਉਪਰ ਓਨ ਆਪਣੀ ਕਥਾ ਇਉਂ ਸੁਣਾਈ :—

ਮੈਂ ਗੁਰੂ ਕਾ ਸਿਖ, ਬਾਬਾ ਬੁਢਾ ਜੀ ਦੀ ਬੀੜ ਵਿਚ ਸੇਵਾ ਕਰਦਾ ਸੀ। ਜਦ ਮਾਤਾ ਗੰਗਾ ਜੀ ਪੁੱਤਰ-ਕਾਮਨਾ ਹੇਤ ਰਥ ਜੁੜਵਾ ਕੇ ਉਥੇ ਗਏ ਤਾਂ ਬਾਬੇ ਸਰਾਪ ਦੇ ਦਿਤਾ ਕਿ "ਗੁਰੂ ਕੇ ਮਹਿਲਾਂ ਨੂੰ ਕਿਧਰੋਂ ਭਾਜੜ ਪਈ ਹੈ", ਤਾਂ ਇਹ ਬਾਤ ਮੈਨੂੰ ਬੁਰੀ ਲਗੀ। ਮੈਂ ਬਾਬੇ ਨਾਲ ਝਗੜ ਪਿਆ। ਓਹਨਾਂ ਸਰਾਪ ਦਿਤਾ, "ਸੂਰ ਵਾਂਗੂੰ ਘੁਰ ਘੁਰ ਕਰਦਾ ਫਿਰਦਾ ਹੈਂ, ਸੂਰ ਹੋਏਂਗਾ।" ਫੇਰ ਤਾਂ ਮੈਂ ਡਰਿਆ, ਤੇ ਆਪਣੇ ਉਧਾਰ ਹੋਣ ਦੀ ਅਰਜ਼ ਕੀਤੀ। ਉਹਨਾਂ ਬਚਨ ਕੀਤਾ, "ਇਸੇ ਮਾਤਾ ਗੰਗਾ ਦਾ ਪੁੱਤਰ ਤੈਨੂੰ ਮਾਰ ਕੇ ਤੇਰਾ ਕਲਿਆਨ ਕਰੇਗਾ।"

(ਤਾਰੀਖ ਗੁਰੂ ਖ਼ਾਲਸਾ, ਪੰਨਾ ੪੮੮-੮੯

ਸੋ ਸਤਿਗੁਰੂ ਜੀ ਨੇ ਇਹ ਸੂਰ ਦਾ ਸ਼ਿਕਾਰ, ਬਾਬੇ ਬੁਢੇ ਜੀ ਦੁਆਰਾ ਸਰਾਪੇ ਸਿਖ ਦੇ ਉਧਾਰ ਲਈ, ਬਾਬਾ ਜੀ ਦੇ ਬਚਨ ਅਨੁਸਾਰ ਕੀਤਾ ਸੀ।

## ਸ਼ੇਰ ਮਾਰਨਾ—

ਤੀਜਾ ਜੰਗ, ਅੰਮ੍ਰਿਤਸਰ ਦਾ ਜਿਤ ਕੇ ਸਤਿਗੁਰੂ ਜੀ ਕਰਤ ਰਪੁਰ ਆ ਗਏ। ਇਥੇ ਇਕ ਦਿਨ ਲੋਕਾਂ ਨੇ ਆ ਕੇ ਦਸਿਆ ਕਿ ਬੇਲੇ ਵਿਚ ਬੜਾ ਵਡਾ ਸ਼ੇਰ ਆਇਆ ਹੈ। ਅਨੇਕ ਗਊਆਂ ਓਸ ਮਾਰ ਸੁਟੀਆਂ ਹਨ। ਸਤਿਗੁਰੂ ਜੀ ਉਸ ਦਾ ਸ਼ਿਕਾਰ ਖੇਡਣ ਗਏ। ਹੁਕਮ ਕੀਤਾ ਤੇਗ ਨਾਲ ਮਾਰੋ। ਪੈਂਦੇ ਖ਼ਾਨ ਗਿਆ। ਜਾਂ ਸ਼ੇਰ ਸਾਹਮਣੇ ਹੋਇਆ ਤਾਂ ਪੈਂਦਾ ਨਠ ਕੇ ਝਾੜ ਦੇ ਉਹਲੇ ਹੋ ਗਿਆ। ਪਰ ਜਾਂ ਭਲਣ ਨੇ ਜਾ ਕੇ ਖੰਡੇ ਨਾਲ ਦੋ ਖੰਡ ਕਰ ਦਿਤਾ ਤਾਂ ਪੈਂਦੇ ਖ਼ਾਨ ਬਹੁਤ ਸ਼ਰਮਿੰਦਾ ਹੋਇਆ। ਇਸੇ ਪਰਕਾਰ ਜਿਸ ਪਿੰਡ ਦੀ ਜੂਹ ਵਿਚ ਗਊਆਂ ਦਾ ਵਿਣਾਸ ਕਰਦਾ ਸ਼ੇਰ ਸੁਣਿਆ, ਉਥੇ ਜਾ ਮਾਰਿਆ। ਗਊਆਂ ਦੀ ਰਖਿਆ ਕੀਤੀ।

ਤਾਰੀਖ਼ ਗੁਰੂ ਖ਼ਾਲਸਾ, ਪੰਨਾ ੪੬੭

## ਧੌਲਪੁਰ ਵਿਖੇ ਸ਼ੇਰ ਦਾ ਸ਼ਿਕਾਰ—

ਇਤਿਹਾਸ ਦਸਦਾ ਹੈ ਕਿ ਮੀਰੀ ਪੀਰੀ ਦੇ ਮਾਲਕ ਜਦੋਂ ਜਹਾਂਗੀਰ ਬਾਦਸ਼ਾਹ ਨਾਲ ਗਵਾਲੀਅਰ ਜਾ ਰਹੇ ਸਨ ਤਾਂ ਇਸ ਵਹੀਰ ਨੇ ਰਸਤੇ ਵਿਚ ਧੋਲਪੁਰ (ਰਾਜਸਥਾਨ) ਵਿਖੇ ਉਤਾਰਾ ਕੀਤਾ। ਬਾਦਸ਼ਾਹ ਦਾ ਇਥੇ ਆਉਣਾ ਸੁਣ ਸੁਣ ਕੇ ਧੋਲਪੁਰ ਨਿਵਾਸੀਆਂ ਨੇ ਬਾਦਸ਼ਾਹ ਅਗੇ ਫ਼ਰਯਾਦ ਕੀਤੀ ਕਿ ਇਥੇ ਨੇੜੇ ਹੀ ਜੰਗਲ ਵਿਚ ਇਕ ਭਿਆਨਕ ਸ਼ੇਰ ਨੇ ਕਈ ਚਿਰ ਤੋਂ ਤਬਾਹੀ ਮਚਾ ਰਖੀ ਹੈ। ਕਿਰਪਾ ਕਰਕੇ ਸਾਨੂੰ ਇਸ ਮੁਸੀਬਤ ਤੋਂ ਬਚਾਇਆ ਜਾਏ।

ਸ਼ੇਰ ਦੇ ਸ਼ਿਕਾਰ ਲਈ ਸ਼ਾਹੀ ਕੁਮਕ ਤਿਆਰ ਹੋ ਗਈ ਤੇ ਜੰਗਲ ਵਲ ਨੂੰ ਤੁਰ ਪਈ। ਸਤਿਗੁਰ ਜੀ ਨੂੰ ਵੀ ਬਾਦਸ਼ਾਹ ਨੇ ਨਾਲ ਲੈ ਲਿਆ। ਸਤਿਗੁਰੂ ਜੀ ਨੇ ਸਲਾਹ ਦਿਤੀ ਕਿ ਇਕ ਪਾਸੇ ਜੰਗਲ ਦਾ ਬਾਦਸ਼ਾਹ ਹੈ ਦੂਜੇ ਪਾਸੇ ਵਿਸ਼ਾਲ ਭਾਰਤ ਦੇਸ ਦਾ ਸ਼ਹਿਨਸਾਹ ਹੈ। ਸ਼ਹਿਨਸ਼ਾਹ ਦੀ ਸ਼ਾਨ ਇਸੇ ਵਿਚ ਹੈ ਕਿ ਇਹ ਸ਼ਿਕਾਰ ਤਲਵਾਰ ਨਾਲ ਹਥੋ ਹਥ ਲੜਾਈ ਕਰ ਕੇ ਕੀਤਾ ਜਾਏ। ਬਾਦਸ਼ਾਹ ਨੇ ਆਪਣੇ ਸਾਥੀਆਂ ਨੂੰ ਵੰਗਾਰਿਆ, ਪਰ ਕੋਈ ਵੀ ਜੁਰਅਤ ਨਾ ਕਰ ਸਕਿਆ ਅਤੇ ਬਾਦਸ਼ਾਹ ਨੇ ਦੋ ਮਚਾਨ ਬਣਾਣ ਦਾ ਹੁਕਮ ਦਿਤਾ, ਇਕ ਆਪਣੇ ਲਈ ਤੇ ਦੂਜਾ ਸਤਿਗੁਰੂ ਜੀ ਲਈ। ਪਰ ਸਤਿਗੁਰੁ ਜੀ ਨੇ ਆਪਣੇ ਲਈ ਮਚਾਨ ਬਣਾਣ ਤੋਂ ਰੋਕ ਦਿਤਾ ਤੇ ਬਚਨ ਕੀਤੇ ਕਿ ਜੇ ਸ਼ੇਰ ਮੇਰੇ ਵਲ ਆਇਆ ਤਾਂ ਮੈਂ ਨਿਪਟ ਲਵਾਂਗਾ। ਤੁਸੀਂ ਆਪਣੀ ਚਿੰਤਾ ਕਰੋ।

ਮਚਾਣ ਬਣ ਗਿਆ। ਬਾਦਸ਼ਾਹ ਤੇ ਉਸਦੇ ਸਾਥੀ ਉਪਰ ਚੜ੍ਹ ਗਏ। ਸ਼ੇਰ ਨੂੰ ਆਕ੍ਰਸ਼ਤ ਕਰਨ ਲਈ ਹਵਾਈ ਫ਼ਾਇਰ ਕੀਤੇ ਗਏ। ਸ਼ੇਰ ਆਇਆ, ਮਚਾਨ ਵਲੋਂ ਗੋਲੀਆਂ ਤੇ ਤੀਰਾਂ ਦੀ ਵਰਖਾ ਦੇ ਬਾਵਜੂਦ ਮਚਾਨ ਵਲ ਵਧਦਾ ਗਿਆ। ਜਦੋਂ ਨੇੜੇ ਆ ਪੁੱਜਾ ਤੇ ਬਾਦਸ਼ਾਹ ਕੋਲ



www.AKJ.Org

ਹੋਰ ਕੋਈ ਹੀਲਾ ਨਾ ਰਹਿ ਗਿਆ ਤਾਂ ਉਸਨੇ ਸਤਿਗੁਰੂ ਜੀ ਨੂੰ ਸਹਾਇਤਾ ਲਈ ਪੁਕਾਰਿਆ। ਸਤਿਗੁਰੂ ਜੀ ਢਾਲ ਤਲਵਾਰ ਲਈ ਮਚਾਨ ਅਤੇ ਸ਼ੇਰ ਦੇ ਵਿਚਕਾਰ ਆ ਖੜੇ ਹੋਏ ਤੇ ਲਲਕਾਰ ਕੇ ਆਖਿਆ, "ਕਾਲ ਯਮਨ ! ਪਹਿਲਾ ਵਾਰ ਤੇਰਾ। ਅਰਮਾਨ ਲਾਹ ਕੇ ਕਰ ਲੈ, ਕਿਤੇ ਤੇਰੇ ਦਿਲ ਵਿਚ ਹਸਰਤ ਨਾ ਰਹਿ ਜਾਏ।"

ਸ਼ੇਰ ਨੇ ਹਮਲਾ ਕੀਤਾ। ਸਤਿਗੁਰੂ ਜੀ ਨੇ ਢਾਲ ਤੇ ਰੋਕ ਕੇ ਉਸ ਦੇ ਢਿਡ ਵਿਚ ਕਿਰਪਾਨ ਦਾ ਵਾਰ ਕਰ ਕੇ ਉਸ ਨੂੰ ਥਾਂ ਤੇ ਹੀ ਚਿਤ ਕਰ ਦਿਤਾ। ਬਾਦਸ਼ਾਹ ਅਤੇ ਸਾਥੀਆਂ ਦੇ ਪੁਛਣ ਤੇ ਕਿ ਆਪ ਜੀ ਦਾ "ਕਾਲ ਯਮਨ" ਤੋਂ ਕੀ ਭਾਵ ਸੀ ? ਤਾਂ ਸਤਿਗੁਰੂ ਜੀ ਨੇ ਉਤਰ ਦਿਤਾ, ਅਸੀਂ ਇਸ ਨੂੰ ਕਈ ਯੁਗਾਂ ਤੋਂ ਜਾਣਦੇ ਹਾਂ ਤੇ ਇਹ ਕਈ ਚਿਰ ਤੋਂ ਸਾਡੀ ਇਥੇ ਉਡੀਕ ਕਰ ਰਿਹਾ ਸੀ। ਦੁਆਪਰ ਵਿਚ ਜਦੋਂ ਕ੍ਰਿਸ਼ਨ ਜੀ ਨੇ ਕੰਸ ਨੂੰ ਮਾਰਨ ਪਿਛੋਂ ਸਤਾਰ੍ਹਾਂ ਵੇਰ ਜਰਾਸੰਧ ਨੂੰ ਹਾਰ ਦਿਤੀ ਤਾਂ ਅਠਾਹਰਵੀਂ ਵੇਰ "ਕਾਲ ਯਮਨ" ਨੇ ਉਸਦਾ ਸਾਥ ਦਿਤਾ। ਕ੍ਰਿਸ਼ਨ ਜੀ ਨੇ ਮਥਰਾ ਛਡ ਦਿਤੀ ਤੇ ਮਚਕੁੰਡ ਰਿਸ਼ੀ ਦੀ ਗੁਫਾ ਵਿਚ ਪੁਜੇ। ਉਹ ਸੁਤਾ ਪਿਆ ਸੀ। ਮਚਕੁੰਡ ਨੂੰ ਵਰ ਸੀ ਕਿ ਜਿਸ ਉਤੇ ਉਸ ਦੀ ਨਜ਼ਰ ਪਵੇਗੀ ਉਹ ਸੁਆਹ ਹੋ ਜਾਏਗਾ। ਕ੍ਰਿਸ਼ਨ ਜੀ ਨੇ ਆਪਣਾ ਪੀਤਾਂਬਰ (ਪੀਲਾ ਦੁਪੱਟਾ) ਮਚਕੁੰਡ ਉਤੇ ਦੇ ਦਿਤਾ ਤੇ ਆਪ ਛੁਪ ਗਏ। ਉਹਨਾਂ ਦਾ ਪਿਛਾ ਕਰਦਾ ਕਰਦਾ ਕਾਲ ਯਮਨ ਉਥੇ ਪੁਜਾ ਅਤੇ ਕ੍ਰਿਸ਼ਨ ਜੀ ਨੂੰ ਸੁਤਾ ਹੋਇਆ ਸਮਝ ਕੇ ਮਚਕੁੰਡ ਨੂੰ ਜਗਾ ਦਿਤਾ। ਉਸਦੀ ਨਜ਼ਰ ਪੈਂਦਿਆਂ ਹੀ ਕਾਲ ਯਮਨ ਸੁਆਹ ਹੋ ਗਿਆ। ਮਚਕੁੰਡ ਇਸ ਅਣਭੋਲ ਹਤਿਆ ਦੇ ਪ੍ਰਾਸਚਿਤ ਲਈ ਕ੍ਰਿਸ਼ਨ ਜੀ ਕੋਲ ਜਦੋਂ ਉਹ ਸਾਹਮਣੇ ਆਏ, ਬੇਨਤੀ ਕੀਤੀ। ਤਾਂ ਕ੍ਰਿਸ਼ਨ ਜੀ ਨੇ ਉਥੇ ੬੮ ਕੁੰਡ ਬਣਾ ਕੇ ਮਹਾਨ ਯਗ ਕੀਤਾ ਤੇ ਮਚਕੁੰਡ ਦੀ ਬੇਨਤੀ ਕਰਨ ਤੇ ਕਿ ਇਸ ਦਾ ਉਧਾਰ ਕਦੋਂ ਹੋਵੇਗਾ, ਕ੍ਰਿਸ਼ਨ ਜੀ ਨੇ ਆਖਿਆ, ਕਲਯੁਗ ਵਿਚ ਅਸੀ ਇਸ ਦਾ ਆਪ ਉਧਾਰ ਕਰਾਂਗੇ।

ਸੋ ਕ੍ਰਿਸ਼ਨ ਜੀ ਦੇ ਉਸ ਬਚਨ ਅਨੁਸਾਰ ਛੇਵੇਂ ਸਤਿਗੁਰੂ ਜੀ ਨੇ ਉਸ ਸ਼ੇਰ ਦਾ ਉਧਾਰ ਕੀਤਾ।

ਇਹ ਸ਼ਿਕਾਰ ਸਤਿਗੁਰੂ ਜੀ ਨੇ ਮਚਕੁੰਡ ਤੀਰਥ ਵਾਲੀ ਥਾਂ ਤੇ ਕੀਤਾ। ਇਹ ਅਸਥਾਨ ਧੌਲਪੁਰ ਤੋਂ ਡੇਢ ਮੀਲ ਲਹਿੰਦੇ ਵਲ ਹੈ। ਇਥੇ ਗੁਰਦੁਆਰਾ "ਸ਼ੇਰ ਸ਼ਿਕਾਰ" ਬਣਿਆ ਹੋਇਆ ਹੈ।

## ਸ੍ਰੀ ਗੁਰੂ ਹਰ ਰਾਇ ਸਾਹਿਬ ਜੀ ਅਨੋਖਾ ਸ਼ਿਕਾਰੀ—

ਸ੍ਰੀ ਗੁਰੂ ਹਰ ਰਾਇ ਸਾਹਿਬ ਜੀ ਸ਼ਿਕਾਰ ਖੇਡਣ ਤਾਂ ਜਾਂਦੇ ਸਨ, ਪਰ ਵਸ ਲਗਦੇ ਕਿਸੇ ਜੀਵ ਦੀ ਹਤਿਆ ਨਹੀਂ ਸਨ ਕਰਦੇ। ਆਪਣੇ ਸਿਖਾਂ ਨੂੰ ਵੀ ਉਹਨਾਂ ਦੀਆਂ ਖ਼ਾਸ ਹਦੈਤਾਂ ਸਨ ਕਿ ਵਾਹ ਲਗੇ ਕਿਸੇ ਜੀਵ ਨੂੰ ਵੀ ਮਾਰਿਆ ਨਾ ਜਾਏ ਅਤੇ ਜਿਥੋਂ ਤੀਕ ਹੋ ਸਕੇ ਬੀਮਾਰ ਤੇ ਕਮਜ਼ੋਰ ਜੰਗਲੀ ਜਾਨਵਰਾਂ ਨੂੰ ਜੀਉਂਦੇ ਜੀ ਪਕੜ ਕੇ ਲਿਆਓ। ਤਾਰੀਖ਼ ਗੁਰੂ ਖ਼ਾਲਸਾ ਵਿਚ ਲਿਖਿਆ ਹੈ :—

ਕੋਮਲ ਸੁਭਾਅ ਤੇ ਦਿਆਲ ਐਡੇ ਸਨ ਕਿ ਸ਼ਿਕਾਰ ਖੇਡਣ, ਸੈਰ ਕਰਨ ਜਾਂਦੇ ਤਾਂ ਘੋੜੇ ਭਜਾ ਕੇ ਜਾਨਵਰ ਘੇਰ ਘੇਰ ਕੇ ਫੜ ਲਿਆਉਂਦੇ। ਮ੍ਰਿਗ, ਸਹੇ, ਕੁਕੜ, ਗਿਦੜ, ਬਘਿਆੜ, ਰਿਛ, ਬਹੁਤ ਜਾਨਵਰ ਰਖ ਛਡੇ ਸਨ। ਸਭ ਨੂੰ ਸਭ ਦਾ ਚਾਰਾ ਮਿਲ ਜਾਂਦਾ, ਅਧਕ ਹੋ ਜਾਂਦੇ ਤਾਂ ਜੰਗਲ ਵਿਚ ਛਡ ਦੇਂਦੇ।

[ਤਾਰੀਖ਼ ਗੁਰੂ ਖ਼ਾਲਸਾ, ਪੰਨਾ ੫੯੪

ਗੁਰ ਪ੍ਰਤਾਪ ਸੂਰਜ ਗੰਥ ਦਾ ਕਥਨ ਹੈ ਕਿ ਸਤਿਗੁਰੂ ਜੀ ਸ਼ਿਕਾਰ ਖੇਡਣ ਤਾਂ ਜਾਂਦੇ ਸਨ, ਪਰ ਜੀਵਾਂ ਨੂੰ ਮਾਰਦੇ ਨਹੀਂ ਸਨ, ਸਗੋਂ ਕਮਜ਼ੋਰ, ਜ਼ਖ਼ਮੀ ਅਥਵਾ ਬੀਮਾਰ ਜਾਨਵਰਾਂ ਨੂੰ ਫੜ ਕੇ ਲੈ ਆਉਂਦੇ। ਕੁਝ ਦਿਨ ਕੋਲ ਰਖਦੇ, ਸੇਵਾ ਕਰਦੇ ਅਤੇ ਫਿਰ ਸੁਰੱਖਿਅਤ ਥਾਵਾਂ ਤੇ ਲੈ ਜਾ ਕੇ ਛਡ ਆਉਂਦੇ :—

ਚਲ ਆਏ ਪੁਨ ਖੇਲ ਸ਼ਿਕਾਰੇ। ਦੇਖਤ ਪਾਲਤ
ਮ੍ਰਿਗਨ ਹਜ਼ਾਰੇ। ਦੇ ਉਪਦੇਸ਼ ਕਰਤ ਕਲਯਾਨੇ।
ਪਰਉਪਕਾਰ ਸਦਾ ਗੁਰ ਠਾਨੇ।

[ਗੁਰਪ੍ਰਤਾਪ ਸੂਰਜ, ਰਾਸ ੧, ਅੰਸੂ ੧

ਸਤਿਗੁਰ ਕ੍ਰਿਪਾ ਕਰੀ ਮਗ ਗਮਨੇ, ਗਏ ਅਖੇਰ
ਮਹਾ ਬਨ ਮਾਹਿਂ। ਨਿਕਸਿਓ ਮ੍ਰਿਗ ਸੁ ਕ੍ਰਿਸ਼ਨ
ਪੀਠ ਜਹਿ, ਮ੍ਰਿਗ ਬਿਸਾਲ ਬੇਧ ਸਿਰ ਜਾਹਿਂ।



www.AKJ.Org

ਅਪਰਨ ਕੋ ਤਜ ਤਿਸ ਕੇ ਪੀਛੇ, ਕਰਯੋ ਪਲਾਯਨ ਤਬ ਤੇ ਵਾਹਿ। ਕੁਦਤ, ਕਰਤ ਚਕੋਰੀ ਚਰ੍ਰਿਤ, ਸ੍ਰੀ ਹਰ ਰਾਇ ਰਹੇ ਹਰਖਾਇ। ਆਇ ਸੇਵਕਨ ਰਜੂ ਪਾਈ, ਗ੍ਰਿਹ ਕੋ ਹਟੇ ਗੁਰੂ ਹਰ ਰਾਇ। ਅਪਰ ਸਮੇ ਗ੍ਰਿਹ ਕੇਤਕ ਆਨੇ, ਬਨ ਪਸੁ ਗਨ ਮਹਿ ਦੀਯੇ ਮਿਲਾਇ।

[ਗੁਰਪ੍ਰਤਾਪ ਸੂਰਜ,ਰਾਸ ੧, ਅੰਸੂ ੩

ਸਤਿਗੁਰੂ ਜੀ ਕਮਜ਼ੋਰ ਤੇ ਬਿਮਾਰ ਜਾਨਵਰਾਂ ਨੂੰ ਖ਼ੂੰਖ਼ਾਰ ਜੰਗਲੀ ਜਾਨਵਰਾਂ ਤੋਂ ਬਚਾ ਕੇ ਲੈ ਆਉਂਦੇ, ਆਪਣੇ ਪਾਸ ਰਖਦੇ, ਖ਼ੂਬ ਸੇਵਾ ਕਰਦੇ; ਤਕੜਿਆਂ ਕਰ ਕੇ ਸੁਰਖਿਅਤ ਥਾਵਾਂ ਤੇ ਲੈ ਜਾ ਕੇ ਛਡ ਆਉਂਦੇ। ਮਹਿਮਾ ਪ੍ਰਕਾਸ਼ ਲਿਖਦਾ ਹੈ :—

ਪੁਨ ਦਿਆਲ ਸ਼ਿਕਾਰ ਚੜ ਆਵੈ। ਸਿਖ ਸੂਰਬੀਰ ਸੰਗ ਗੁਰ ਧਾਵੈ। ਬਨ ਪਸੂ ਪੰਖੀ ਖੇਦ ਬਸ ਕਰੇ। ਕੋਊ ਨ ਮਾਰੇ ਜੀਵਤ ਸਰੇ। ਗ੍ਰਿਹ ਮੋ ਰਾਖ ਪਾਲਨਾ ਹੋਇ। ਖਾਨ ਪਾਨ ਦੁਖ ਤਿਨੇ ਨ ਕੋਇ। ਭਏ ਇਕਤ੍ਰ ਕਈ ਲਖ ਹਜਾਰ। ਪਸੂ, ਪੰਖੀ, ਬਾਘੁ, ਬਿਲੀਆ, ਸਿਆਰ।

[ਮਹਿਮਾ ਪ੍ਰਕਾਸ਼ ਭਾਗ ਦੂਜਾ, ਸਾਖੀ ੧੬੭, ਪੰ: ੫੪੫-੪੬

ਅਗੇ ਜਾ ਕੇ ਫਿਰ ਲਿਖਦਾ ਹੈ ਕਿ ਸਤਿਗੁਰੂ ਸਦਾ ਹੀ ਦੀਨ ਤੇ ਦੁਖੀ ਜੀਵਾਂ ਦੇ ਉਧਾਰ ਹਿਤ ਹੀ ਸ਼ਿਕਾਰ ਨੂੰ ਜਾਂਦੇ ਸਨ। ਸ਼ਿਕਾਰ ਦੇ ਸ਼ੌਕ ਲਈ ਜਾਂ ਮਾਸ ਖਾਣ ਲਈ ਬਿਲਕੁਲ ਨਹੀਂ ਸਨ ਜਾਂਦੇ :—

ਖੇਲ ਸ਼ਿਕਾਰ ਪ੍ਰਬਤ ਢਿਗ ਗਏ। ਤਹ ਅਚਰਜ ਇਹ ਦੇਖਤ ਭਏ। ਇਕ ਬਡੋ ਸਰਪ ਅਜਗਰ ਤਹਿ ਠਾਇ। ਕੋਟਿ ਲਾਖ ਚਿੰਵਟੀ ਤਿਸ ਖਾਇ। ਅਤਿ ਬਿਹਾਲ ਤੜਫੇ ਤਪਟਾਏ। ਤਨ ਛਿਦਰ ਭਏ ਚਿੰਵਟੀ ਕੀਏ ਘਾਏ। ਤਿਸਿ ਦੇਖ ਸਤਿਗੁਰ ਕੀਆ ਬਾਨ ਪਰਹਾਰ। ਕਾਟਿਓ ਸੀਸ ਸੁਭ ਲੋਕ ਸਿਧਾਰ। [ਮਹਿਮਾ ਪ੍ਰਕਾਸ਼ ਭਾਗ ਦੂਜਾ, ਪੰਨਾ ਪ੬੩

[ਚਲਦਾ

## ਗੁਰਮਤਿ ਅਪਣਾਓ ਤੇ ਮਨਮਤ ਤੋਂ ਬਚੋ

੧. ਵਿਆਹ ਸਮੇਂ ਜੈ-ਮਾਲਾ ਪਾਉਣੀ ਮਨਮਤ ਹੈ।
੨. ਵਿਆਹਾਂ ਸਮੇਂ ਭੰਗੜੇ ਪਾਉਣੇ ਅਤੇ ਮਾਸ ਸ਼ਰਾਬ ਵਰਤਣੇ ਗੁਰਮਤਿ ਤੋਂ ਉਲਟ ਹੈ।
੩. ਸਰੀਰ ਦੇ ਸਾਰੇ ਰੋਮ ਕੇਸ ਹਨ ਅਤੇ ਕੇਸਾਂ ਨੂੰ ਕਟਣਾ ਜਾਂ ਲਾਹੁਣਾ ਪਤਿਤ ਕਰਮ ਹੈ।
੪. ਦਾੜ੍ਹੇ ਤੇ ਸੀਸ ਦੇ ਕੇਸ ਰੰਗਣੇ ਮਨਮਤ ਹੈ।
੫. ਪੂਰਨਮਾਸ਼ੀ ਆਦਿ ਦੇ ਵਰਤ ਰਖਣੇ ਗੁਰਮਤਿ ਨਹੀਂ।
੬. ਜੋਤਾਂ ਆਦਿ ਜਗਾ ਕੇ ਆਰਤੀ ਕਰਨੀ ਗੁਰ-ਹੁਕਮਾਂ ਤੋਂ ਉਲਟ ਹੈ।
੭. ਬੱਚਿਆਂ ਨੂੰ ਛੋਟੀ ਉਮਰੇ ਦਸਤਾਰ ਸਜਾਉਣ, ਰਹਿਤ ਰਖਣ ਅਤੇ ਗੁਰਬਾਣੀ ਪੜ੍ਹਾਉਣ ਦੀ ਆਦਤ ਪਾਓ।
੮. ਵਿਆਹ ਦੇ ਕਾਰਡਾਂ ਤੇ ਬੱਚਿਆਂ ਦੇ ਨਾਵਾਂ ਨਾਲ 'ਸਿੰਘ' ਤੇ 'ਕੌਰ' ਜ਼ਰੂਰ ਲਿਖੋ, ਨਹੀਂ ਤਾਂ ਇਹ ਮਨਮਤ ਹੈ।

## ਰਿਸ਼ਤੇ ਨਾਤੇ

**ਫ਼ਾਰਮ ਨੰ: ੨੩**—ਇਕ ਤਿਆਰ-ਬਰ-ਤਿਆਰ ਅੰਮ੍ਰਿਤਧਾਰੀ ਗੁਰਸਿਖ, ਉਮਰ ੨੯ ਸਾਲ, ਕਦ ਪੰਜ ਫ਼ੁਟ ਸਤ ਇੰਚ, ਸਿਹਤ ਬਹੁਤ ਸੋਹਣੀ, ਮੈਟਰਿਕ ਪਾਸ, ਸਪੇਅਰ ਪਾਰਟਸ ਦੀ ਦੁਕਾਨ, ਚੰਗੀ ਆਮਦਨੀ ਹੈ, ਲਈ ਪੜ੍ਹੀ ਲਿਖੀ ਗੁਰਸਿਖ ਬੀਬੀ ਦੀ ਲੋੜ ਹੈ, ਜੋ ਕੀਰਤਨ ਤੋਂ ਜਾਣੂ ਹੋਵੇ।

**ਫ਼ਾਰਮ ਨੰ: ੨੪**—ਇਕ ਨਿਤਨੇਮਣ ਗੁਰਸਿਖ ਬੀਬੀ, ਉਮਰ ੨੩ ਸਾਲ, ਕਦ ਪੰਜ ਫ਼ੁਟ ਪੰਜ ਇੰਚ, ਸਿਹਤ ਚੰਗੀ, ਬੀ. ਏ. ਪਾਸ, ਘਰੋਗੀ ਕੰਮ ਕਾਜ ਵਿਚ ਨਿਪੁੰਨ ਲਈ ਗੁਰਸਿਖ ਬੱਚੇ ਦੀ ਲੋੜ ਹੈ।

## ਸ੍ਰੀ ਗੁਰੂ ਸਿੰਘ ਸਭਾ ਖੰਨਾ ਵਿਖੇ ੮ ਮਾਰਚ ਸ਼ਨੀਵਾਰ ਨੂੰ ਰੈਣ-ਸਬਾਈ ਕੀਰਤਨ

ਦਰਸ਼ਨ ਦੇ ਕੇ ਨਿਵਾਜੋ ਜੀ। ਦਾਸਰੇ—ਅਤਰ ਸਿੰਘ ਰਾਜਿੰਦਰ ਸਿੰਘ, ਰੇਲਵੇ ਰੋਡ, ਖੰਨਾ



www.AKJ.Org

# ਜੀਵਤ ਪਿਤਰ ਨ ਮਾਨੈ ਕੋਊ

ਅਜ ਦੇ ਸਮੇਂ ਸਿੱਖਾਂ ਵਿਚ ਇਹ ਰਿਵਾਜ ਪ੍ਰਚਲਤ ਹੋ ਗਿਆ ਕਿ ਮ੍ਰਿਤਕ ਦੇ ਭੋਗ ਸਮੇਂ ਮ੍ਰਿਤੂ ਹੋਏ ਸਜਨਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਜਾਂਦੀਆਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਅਤੇ ਕੀਰਤਨ ਦੀ ਸਮਾਪਤੀ ਪਿਛੋਂ ਸ਼ਰਧਾਂਜਲੀਆਂ ਦਾ ਦੌਰ ਚਲਦਾ ਹੈ । ਭਾਵੇਂ ਕਿੰਨਾ ਰਸਦਾਇਕ ਕੀਰਤਨ ਹੋ ਰਿਹਾ ਹੋਵੇ ਤੇ ਸਰੋਤੇ ਸ਼ਰਧਾ ਅਤੇ ਪਿਆਰ ਨਾਲ ਸੁਣ ਰਹੇ ਹੋਣ, ਉਸਦੀ ਸਮਾਪਤੀ ਕਰ ਕੇ ਸੰਸਾਰ ਤੋਂ ਤੁਰ ਗਏ ਵਿਅੱਕਤੀਆਂ ਲਈ ਤੇ ਉਸ ਦੇ ਜੀਉਂਦੇ ਸਬੰਧੀਆਂ ਦੀਆਂ ਸਿਫ਼ਤਾਂ ਕਰ ਕੇ ਸਰੋਤਿਆਂ ਵਿਚ ਬੇਰਸੀ ਪੈਦਾ ਕੀਤੀ ਜਾਂਦੀ ਹੈ । ਹਾਲਾਂ ਕਿ ਉਸ ਇਕੱਠ ਵਿਚ ਘਰ ਵਾਲਿਆਂ ਦੇ ਸਬੰਧੀ ਜਾਂ ਹੋਰ ਨਜ਼ਦੀਕੀ ਸਜਣ ਹੀ ਆਏ ਹੁੰਦੇ, ਹਨ ਜੋ ਮ੍ਰਿਤੂ ਹੋ ਚੁਕੇ ਸਜਣ ਦੇ ਜੀਵਨ ਤੋਂ ਚੰਗੀ ਤਰ੍ਹਾਂ ਵਾਕਫ਼ ਹੁੰਦੇ ਹਨ ਤੇ ਉਹਨਾਂ ਦੇ ਸਾਰੇ ਖ਼ਾਨਦਾਨ ਨੂੰ ਜਾਣਦੇ ਹਨ । ਅਸਾਂ ਡਿਠਾ ਹੈ ਕਿ ਮ੍ਰਿਤਕ ਪ੍ਰਾਣੀ ਜਿਨ੍ਹਾਂ ਵਿਚ ਬਹੁਤੇ ਬਜ਼ੁਰਗ ਹੀ ਹੁੰਦੇ ਹਨ, ਉਹਨਾਂ ਦੀ ਸੇਵਾ ਸੰਭਾਲ ਤੇ ਆਗਿਆ ਦੀ ਪਾਲਣਾ ਉਹਨਾਂ ਦੀ ਜ਼ਿੰਦਗੀ ਵਿਚ ਸੰਤਾਨ ਨਹੀਂ ਕਰਦੀ, ਪਰ ਜਿਸ ਵੇਲੇ ਉਹ ਚੜ੍ਹਾਈ ਕਰ ਜਾਂਦੇ ਹਨ ਤਾਂ ਉਨ੍ਹਾਂ ਨਮਿਤ ਪਾਠ ਦੇ ਭੋਗ ਵਾਲੇ ਦਿਨ ਬੜੇ ਭਾਰੀ ਸ਼ਾਮਿਆਨੇ ਲਾ ਕੇ, ਪਰਸਿਧ ਰਾਗੀ ਸਦ ਕੇ ਕੀਰਤਨ ਕਰਵਾਇਆ ਜਾਂਦਾ ਹੈ । ਕੀਰਤਨ ਦਾ ਸਮਾਂ ਘਟ ਕਰ ਕੇ ਸਰਧਾਂਜਲੀਆਂ ਸ਼ੁਰੂ ਹੋ ਜਾਂਦੀਆਂ ਹਨ । ਕੀ ਧਾਰਮਕ ਕੀ ਰਾਜਸੀ ਵਿਚਾਰਾਂ ਦੇ ਸਜਣ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਉਸਦੇ ਪੁੱਤਰ-ਪੋਤਰਿਆਂ ਦੀਆਂ ਸਿਫ਼ਤਾਂ ਕਰਨ ਲਗਿਆਂ ਇਕ ਦੂਜੇ ਤੋਂ ਵਧ ਸਫ਼ੇਦ ਝੂਠ ਬੋਲਦੇ ਹਨ ।

ਅਸਾਂ ਕਈ ਥਾਈਂ ਵੇਖਿਆ ਹੈ ਕਿ ਚੰਗੇ ਚੰਗੇ ਬੁਲਾਰੇ ਘਰ ਵਾਲਿਆਂ ਨੂੰ ਖ਼ੁਸ਼ ਕਰਨ ਲਈ ਹੀ ਬੋਲਦੇ ਹਨ। ਉਹਨਾਂ ਨੂੰ ਅਸਲੀਅਤ ਦਾ ਪਤਾ ਹੁੰਦਾ ਹੈ ਕਿ ਇਸ ਪਤਵੰਤੇ ਅਖਵਾਣ ਵਾਲੇ (ਮਾਇਆਧਾਰੀ) ਸਜਨ ਨੇ ਜੀਉਂਦੇ-ਜੀ ਬਜ਼ੁਰਗ ਮਾਤਾ ਪਿਤਾ ਦੀ ਕੋਈ ਸੇਵਾ ਨਹੀਂ ਕੀਤੀ ਤੇ ਨਾ ਹੀ ਉਹਨਾਂ ਦੇ ਕਿਸੇ ਹੁਕਮ ਦੀ ਪਾਲਣਾ ਕੀਤੀ ਹੈ । ਇਸ ਹਾਲਤ ਵਿਚ ਤਾਰੀਫ਼ ਕਰ ਉਸ ਪਤਵੰਤੇ ਦੀ ਹਮਦਰਦੀ ਪਰਾਪਤ ਕਰਨ ਲਈ ਹੀ ਸਾਹਿਬ ਦੀ ਹਜ਼ੂਰੀ ਵਿਚ ਝੂਠ ਬੋਲਣ ਤੋਂ ਰਤਾ ਸੰਕੋਚ ਨਹੀਂ ਕਰਦੇ । ਆਖ਼ਰ ਝੂਠ ਤੇ ਖ਼ੁਸ਼ਾਮਦ ਦੀ ਵੀ ਕੋਈ ਹਦ ਹੁੰਦੀ ਹੈ । ਉਹਨਾਂ ਦੇ ਬੋਲਣ ਦਾ ਪਰਭਾਵ ਇਹ ਹੁੰਦਾ ਹੈ ਕਿ ਉਥੇ ਬੈਠੇ ਸਜਨ ਆਪਸ ਵਿਚ ਕਾਨਾਫੂਸੀ ਕਰ ਕੇ ਘਰ ਵਾਲਿਆਂ ਦਾ ਅਤੇ ਬੋਲਣ ਵਾਲੇ ਦਾ ਮਖ਼ੌਲ ਉਡਾਂਦੇ ਹਨ । ਸ਼ਰਧਾਂਜਲੀਆਂ ਤੇ ਸਿਫ਼ਤਾਂ ਉਸ ਮਨੁਖ ਦੀਆਂ ਹੋਣੀਆਂ ਚਾਹੀਦੀਆਂ ਹਨ ਜਿਸਨੇ ਦੇਸ਼, ਕੌਮ ਜਾਂ ਸਮਾਜ ਲਈ ਕੋਈ ਵਡੀ ਘਾਲਣਾ ਘਾਲੀ ਹੋਵੇ । ਜਾਂ ਆਪਣੀ ਜ਼ਿੰਦਗੀ ਨਾਮ ਸਿਮਰਨ ਵਿਚ ਬਤੀਤ ਕੀਤੀ ਹੋਵੇ ਤੇ ਉਸ ਦੀ ਸੰਤਾਨ ਉਸ ਦੇ ਪਾਏ ਪੂਰਨਿਆਂ ਤੇ ਚਲ ਕੇ ਆਪਣੇ ਬਜ਼ੁਰਗ ਦੀ ਕੀਰਤੀ ਤੇ ਸੋਭਾ ਨੂੰ ਵਧਾ ਰਹੀ ਹੋਵੇ; ਪਰ ਹੋ ਇਸ ਦੇ ਉਲਟ ਰਿਹਾ ਹੈ । ਬਜ਼ੁਰਗ ਮਾਤਾ ਪਿਤਾ ਸੇਵਾ-ਸੰਭਾਲ ਤੇ ਦੇਖ-ਭਾਲ ਨਾ ਹੋਣ ਦੇ ਕਾਰਨ ਦੁਖੀ ਹੋ ਕੇ ਮਰਦੇ ਹਨ । ਮਰਨ ਪਿਛੋਂ ਇਕੱਠ ਕਰ ਕੇ ਉਹਨਾਂ ਦੀ ਸੰਤਾਨ ਆਪਣੀ ਵਡਿਆਈ ਲਈ ਪਰਸਿਧ ਰਾਗੀ, ਗ੍ਰੰਥੀ ਤੇ ਲੀਡਰਾਂ ਨੂੰ ਮੰਗਵਾ ਕੇ ਸਿਫ਼ਤਾਂ ਦੇ ਪੁਲ ਬੰਨ੍ਹੇ ਜਾਂਦੇ ਹਨ। ਇਸ ਹਾਲਤ ਨੂੰ ਵੇਖ ਕੇ ਕਬੀਰ ਜੀ ਦਾ ਪਵਿਤਰ ਬਚਨ, ਜੋ ਗੁਰਬਾਣੀ ਵਿਚ ਦਰਜ ਹੈ 'ਜੀਵਤ ਪਿਤਰ ਨ ਮਾਨੈ ਕੋਊ ਮੂਏ ਸਿਰਾਧ ਕਰਾਹੀ' ਠੀਕ ਢੁਕਦਾ ਹੈ ।

ਲੋੜ ਤਾਂ ਇਸ ਗੱਲ ਦੀ ਹੈ ਕਿ ਮ੍ਰਿਤੂ ਹੋ ਚੁਕੇ ਸਰਬੰਧੀ ਦੀ ਆਤਮਾ ਲਈ ਤੇ ਸੰਸਾਰ-ਯਾਤਰਾ ਦੀਆਂ ਭੁਲਾਂ ਬਖ਼ਸ਼ਾਣ ਲਈ ਵਾਹਿਗੁਰੂ ਦੇ ਦਰ ਤੇ ਅਰਦਾਸ ਕਰਨ ਲਈ ਸਾਧ ਸੰਗਤ ਦੇ ਰੂਪ ਵਿਚ ਬੈਠ ਕੇ ਗੁਰਬਾਣੀ ਦਾ ਪਾਠ ਕੀਰਤਨ ਹੀ ਹੋਵੇ, ਜੋ ਮ੍ਰਿਤੂ ਹੋ ਚੁਕੇ ਪ੍ਰਾਣੀ ਦੀ ਆਤਮਾ ਦੀ ਪਰਲੋਕ ਵਿਚ ਸਹਾਇਤਾ ਕਰ ਸਕੇ ।

['ਗੁਰਮਤਿ ਵਿਚਾਰ ਪਤ੍ਰਿਕਾ' 'ਚੋਂ

# ਅਨੰਦ-ਸਮਾਗਮ ਸਮੇਂ ਕੀਰਤਨ-ਪ੍ਰੋਗਰਾਮ

ਸੰਗਤਾਂ ਨੂੰ ਬੇਨਤੀ ਹੈ ਕਿ ਦਾਸ ਦੇ ਅਨੰਦ ਕਾਰਜ ਤੋਂ ਪਹਿਲਾਂ ਪਿੰਡ ਬਰਨਾ ਦੇ ਗੁਰਦੁਆਰਾ ਸਾਹਿਬ ਵਿਖੇ ੧੧ ਮਾਰਚ ਮੰਗਲਵਾਰ ਰਾਤ ਨੂੰ ਸਤ ਤੋਂ ਸਾਢੇ ਦਸ ਤਕ ਅਖੰਡ ਕੀਰਤਨ ਹੋਣਗੇ ਅਤੇ ੧੨ ਮਾਰਚ ਬੁਧਵਾਰ ਸਵੇਰੇ ਪੰਜ ਤੋਂ ਦਸ ਤਕ ਕੀਰਤਨ ਆਸਾ ਦੀ ਵਾਰ ਤੇ ਪਾਠ ਦੇ ਭੋਗ ਪੈਣਗੇ । ਦਾਸਰਾ—ਸ਼ਰਨਜੀਤ ਸਿੰਘ ਸਪੁੱਤਰ ਸ: ਮਖਣ ਸਿੰਘ ਬਰਨਾ (ਫਗਵਾੜੇ ਤੋਂ ਢਾਈ ਮੀਲ ਪੱਕੀ ਸੜਕ ਉਤੇ, ਅਤੇ ਪਲਾਹੀ ਸਾਹਿਬ ਤੋਂ ਇਕ ਮੀਲ)



www.AKJ.Org

# ਸਰਬ ਸੰਸਾਰ ਸਿਖ ਕਨਵੈਨਸ਼ਨ ਦੇ ਜ਼ਰੂਰੀ ਮਤੇ

੨ ਫ਼ਰਵਰੀ ੧੯੭੫ ਨੂੰ ਦੀਵਾਨ-ਅਸਥਾਨ ਮੰਜੀ ਸਾਹਿਬ, ਸ੍ਰੀ ਅੰਮ੍ਰਿਤਸਰ ਵਿਖੇ 'ਸਰਬ ਸੰਸਾਰ ਸਿਖ ਕਨਵੈਨਸ਼ਨ' ਹੋਈ, ਜਿਸ ਵਿਚ ਸੰਗਤਾਂ ਦੀ ਗਿਣਤੀ ਦਸ ਹਜ਼ਾਰ ਤੋਂ ਵਧ ਸੀ। ਪਰਦੇਸਾਂ ਵਿਚੋਂ ਵੀ ਕਾਫ਼ੀ ਸਿੰਘ ਪੁਜੇ ਹੋਏ ਸਨ ਅਤੇ ਭਾਰਤ ਦੇ ਸਾਰੇ ਪ੍ਰਾਂਤਾਂ ਦੇ ਸਿਖ ਪ੍ਰਤੀਨਿਧ ਪੁਜੇ ਹੋਏ ਸਨ। ਇਸ ਭਾਰੀ ਪੰਥਕ ਇਕੱਠ ਵਿਚ ਸਰਬ-ਸੰਮਤੀ ਨਾਲ ਕੁਝ ਅਹਿਮ ਮਤੇ ਪਾਸ ਕੀਤੇ ਗਏ, ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ।

## ਪਹਿਲਾ ਮਤਾ—

ਖ਼ਾਲਸਾ ਪੰਥ ਦੇ ਨੁਮਾਇੰਦਿਆਂ ਤੇ ਸੇਵਕਾਂ ਦਾ ਇਹ ਪ੍ਰਤੀਨਿਧ ਪੰਥਕ ਇਕੱਠ ਬੜੇ ਦੀਰਘ ਅਤੇ ਦੁਖਾਂਤ ਵਿਚਾਰ ਕਰਨ ਤੋਂ ਉਪਰੰਤ ਇਹ ਤੱਤ ਤੇ ਸਚਾਈਆਂ ਸਾਰੇ ਸੰਸਾਰ ਨੂੰ ਅਤੇ ਆਪਣੇ ਹਿੰਦੁਸਤਾਨੀ ਸ਼ਹਿਰੀਆਂ ਨੂੰ ਦਸਣ ਲਈ ਮਜਬੂਰ ਹੈ ਕਿ :—

ਸਿੱਖ ਪੰਥ ੧੮ਵੀਂ ਤੇ ੧੯ਵੀਂ ਸਦੀ ਵਿਚ ਅੰਤਰ-ਰਾਸ਼ਟਰੀ ਪੱਧਰ ਉਤੇ ਇਕ ਪ੍ਰਮਾਣੀਕ ਕੌਮ ਹੈ। ਫ਼ਰਾਂਸ, ਬਰਤਾਨੀਆ, ਨੇਪਾਲ, ਚੀਨ, ਤਿਬਤ, ਮਰਾਠਾ ਸਾਮਰਾਜ, ਈਸਟ ਇੰਡੀਆ ਕੰਪਨੀ, ਅਫ਼ਗਾਨਿਸਤਾਨ ਅਤੇ ਈਰਾਨ ਆਦਿ ਦੇਸ਼ਾਂ ਦੀਆਂ ਸਰਕਾਰਾਂ ਨਾਲ ਖ਼ਾਲਸਾ ਪੰਥ ਦੇ ਅੰਤਰ-ਰਾਸ਼ਟਰੀ ਸੰਧੀਆਂ ਤੇ ਸਬੰਧ ਸਥਾਪਤ ਕਰਦੇ ਰਹੇ ਹਨ, ਜੋ ਜਗਤ-ਪ੍ਰਸਿੱਧ ਹਨ।

੧੯੪੭ ਵਿਚ ਫ਼ਰੰਗੀਆਂ ਨੇ ਦੇਸ਼ ਛੱਡਣ ਸਮੇਂ ਤੀਸਰੀ ਸੁਤੰਤਰ ਕੌਮ ਪ੍ਰਵਾਨ ਕੀਤੀ ਸੀ, ਪਰ ਖ਼ਾਲਸਾ ਪੰਥ ਨੇ ਆਪਣਾ ਰਾਜਸੀ ਭਵਿਸ਼, ਦੇਸ਼ ਅਤੇ ਧਰਮ ਦੇ ਭਲੇ ਨੂੰ ਮੁਖ ਰਖ ਕੇ, ਕਾਂਗਰਸੀ ਲੀਡਰਾਂ ਦੇ ਲਿਖਤੀ ਭਰੋਸਿਆਂ ਤੇ ਵਚਨਾਂ ਤੇ ਇਤਬਾਰ ਕਰ ਕੇ ਭਾਰਤ ਨਾਲ ਸਾਂਝਾ ਕੀਤਾ ਸੀ। ਪਰੰਤੂ ਅਤਿ ਦੁਖ ਨਾਲ ਕਹਿਣਾ ਪੈਂਦਾ ਹੈ ਕਿ ਕਾਂਗਰਸ ਸਰਕਾਰ ਦਾ ੨੭ ਸਾਲ ਦਾ ਰਾਜ ਸਿੱਖ ਪੰਥ ਨਾਲ ਨਿਰੰਤਰ ਘੋਰ ਅਨਿਆਇ, ਵਿਤਕਰੇ ਭਰਪੂਰ ਅਤੇ ਅਸਹਿ ਤੇ ਅਕਹਿ ਜ਼ੁਲਮ ਦੀ ਇਕ ਦਰਦ-ਨਾਕ ਦਾਸਤਾਨ ਹੈ। ਸਰਬ ਸੰਸਾਰ ਦੇ ਇਸ ਪ੍ਰਤੀਨਿਧ ਸਿਖ ਸਮੇਲਨ ਨੂੰ ਇਹ ਗੌਰਵ ਹੈ ਕਿ ਸਿਖਾਂ ਨੇ ਦੇਸ਼ ਦੀ ਆਜ਼ਾਦੀ ਲਈ ਸਭ ਤੋਂ ਜ਼ਿਆਦਾ ਹਿੱਸਾ ਪਾਇਆ ਹੈ ਤੇ ਹੁਣ ਵੀ ਨਾ ਕੇਵਲ ਦੇਸ਼ ਦੇ ਅਨ-ਸੰਕਟ ਨੂੰ ਦੂਰ ਕੀਤਾ ਹੈ ਸਗੋਂ ਦੇਸ਼ ਦੀਆਂ ਹੱਦਾਂ ਦੀ ਸੀਨਾ ਤਾਣ ਕੇ ਤੇ ਮੌਤ ਤੋਂ ਬੇ-ਨਿਆਜ਼ ਹੋ ਕੇ ਰਾਖੀ ਕੀਤੀ ਹੈ। ਸਿੱਖ ਪੰਥ ਦਾ ਇਤਿਹਾਸ ਦੇਸ਼-ਸੇਵਾ, ਦੇਸ਼-ਭਗਤੀ, ਪਰਉਪਕਾਰ ਅਦੁਤੀ ਵੀਰਤਾ ਤੇ ਰੀਸ ਕਰਨ ਯੋਗ ਕੁਰਬਾਨੀਆਂ ਦਾ ਗੌਰਵ-ਮਈ ਇਤਿਹਾਸ ਹੈ।

ਸੰਸਾਰ ਭਰ ਦੇ ਸਿੱਖ ਪ੍ਰਤੀਨਿਧਾਂ ਦਾ ਇਹ ਮਹਾਨ ਸੰਮੇਲਨ, ਕਾਂਗਰਸ ਸਰਕਾਰ ਦੀ ਸਿੱਖ-ਧਰਮ ਵਿਰੋਧੀ ਕੁਟਲ-ਨੀਤੀ ਵਿਰੁਧ ਜ਼ੋਰਦਾਰ ਪ੍ਰੋਟੈਸਟ ਕਰਦਾ ਹੈ। ਕਾਂਗਰਸ ਰਾਜ ਨੇ ਸਦਾ ਹੀ ਸਿੱਖਾਂ ਵਰਗੀ ਬਹਾਦਰ ਕੌਮ ਨੂੰ ਨਿਰਬਲ ਤੇ ਕਮਜ਼ੋਰ ਕਰਨ ਦਾ ਕੋਝਾ ਜਤਨ ਕੀਤਾ ਹੈ, ਸਿੱਖ ਪੰਥ ਦੇ ਪਾਵਨ ਗੁਰਦੁਆਰਿਆਂ ਵਿਚ ਸਰਾਸਰ ਨਾਜਾਇਜ਼, ਅਨਉਚਿਤ, ਅਯੋਗ ਅਤੇ ਸੈਕੂਲਰਇਜ਼ਮ ਦੇ ਮੁਢਲੇ ਅਸੂਲਾਂ ਦੇ ਵਿਰੁਧ ਦਖ਼ਲ ਦੇ ਕੇ ਨਾ ਕੇਵਲ ਸਿੱਖਾਂ ਦੀ ਅਣਖ ਨੂੰ ਚੈਲੰਜ ਹੀ ਕੀਤਾ ਹੈ, ਬਲਕਿ ਸਿੱਖਾਂ ਦੇ ਕਲੇਜੇ ਨੂੰ ਹਥ ਪਾ ਕੇ ਸਿੱਖਾਂ ਨੂੰ ਖੇਰੂੰ ਖੇਰੂੰ ਕਰਨ ਦੀ ਨਾਪਾਕ ਸਾਜ਼ਿਸ਼ ਵੀ ਕੀਤੀ ਹੈ। ਚਾਰ ਸਾਲ ਤੋਂ ਮਤਵਾਤਰ ਦਿੱਲੀ ਦੇ ਪਾਵਨ ਗੁਰਧਾਮਾਂ ਉਤੇ ਗ਼ੈਰ-ਜਮਹੂਰੀ ਤੌਰ ਉਤੇ ਆਪਣੇ ਸਰਕਾਰੀ ਪਿਠੂਆਂ ਦਾ ਨਾਜਾਇਜ਼ ਕਬਜ਼ਾ ਕਰਾਇਆ ਹੋਇਆ ਹੈ। ਆਲ-ਇੰਡੀਆ ਗੁਰ-ਦੁਆਰਾ ਐਕਟ ਬਨਾਉਣ ਦੇ ਪੱਕੇ ਇਕਰਾਰ ਦੀ ਬਜਾਏ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸ਼ੀਰਾਜ਼ਾ ਬਖੇਰਨ ਦੇ ਘੋਰ-ਮਸੋਰੇ ਹੋ ਰਹੇ ਹਨ, ਕਸ਼ਮੀਰ ਵਿਚ ਅਜਿਹਾ ਨਖਿਧ ਅਖੌਤੀ ਗੁਰਦੁਆਰਾ ਐਕਟ ਬਣਵਾਇਆ ਹੈ ਜੋ ਰਿਆਸਤ ਦੇ ਸਿੱਖਾਂ ਦੇ



www.AKJ.Org

ਅਲ੍ਹੇ ਜ਼ਖ਼ਮਾਂ ਉਤੇ ਲੂਣ ਛਿੜਕਣ ਦੀ ਤੁਲਨਾ ਰਖਦਾ ਹੈ। ਜਿਸ ਢੀਠਤਾਈ ਨਾਲ ਕਾਂਗਰਸ ਸਰਕਾਰ ਨੇ ੧੨ ਅਪਰੈਲ ੧੯੫੯ ਦਾ ਮੁਕੱਦਸ ਤੇ ਪਵਿਤਰ ਨਹਿਰੂ-ਤਾਰਾ ਸਿੰਘ ਪੈਕਟ ਤੋੜਿਆ ਹੈ, ਇਸ ਉਤੇ ਜਿਤਨਾ ਵੀ ਮਾਤਮ ਤੇ ਘਿਰਣਾ ਪ੍ਰਗਟ ਕੀਤੀ ਜਾਏ ਉਤਨੀ ਹੀ ਥੋੜ੍ਹੀ ਹੈ।

ਵਿਸ਼ਵ ਭਰ ਦੇ ਸਿਖ ਪ੍ਰਤੀਨਿਧਾਂ ਦਾ ਇਹ ਇਕੱਠ ਅਨੁਭਵ ਕਰਦਾ ਹੈ ਕਿ ਸਿਖਾਂ ਨੂੰ ਦੁਬੇਲ ਬਣਾਉਣ ਤੇ ਘਟੀਆ ਦਰਜੇ ਦੇ ਸ਼ਹਿਰੀ ਬਨਾਉਣ ਦਾ ਜਤਨ ਕੀਤਾ ਜਾ ਰਿਹਾ ਹੈ, ਪਰ ਸਿੱਖਾਂ ਨੇ ਅਦੁਤੀ ਕੁਰਬਾਨੀਆਂ ਕਰ ਕੇ ਮੁਗ਼ਲ ਰਾਜ ਅਤੇ ਅੰਗਰੇਜ਼ੀ ਸਰਕਾਰ ਸਮੇਂ ਆਪਣੇ ਪਾਵਨ ਗੁਰਧਾਮਾਂ ਦੀ ਆਜ਼ਾਦੀ ਲਈ ਜਿੰਨਾ ਖ਼ੂਨ ਡੋਲ੍ਹਿਆ ਹੈ ਅਤੇ ਜੋ ਕੁਰਬਾਨੀ ਕੀਤੀ ਹੈ, ਉਸ ਦੀ ਮਿਸਾਲ ਸੰਸਾਰ ਭਰ ਦਾ ਇਤਿਹਾਸ ਪੇਸ਼ ਨਹੀਂ ਕਰ ਸਕਦਾ। ਕਾਂਗਰਸ ਸਰਕਾਰ ਦੇ ਰਾਜ ਵਿਚ ਸਿਖਾਂ ਦਾ ਹਰ ਖੇਤਰ ਵਿਚ ਕਾਫ਼ੀਆ ਤੰਗ ਕੀਤਾ ਜਾ ਰਿਹਾ ਹੈ, ਇਸ ਸਰਕਾਰ ਨੂੰ ਸਿਖਾਂ ਨਾਲ ਹੀ ਨਹੀਂ, ਸਗੋਂ ਸਿਖੀ-ਸਰੂਪ ਨਾਲ ਦੁਸ਼ਮਨੀ ਹੈ।

ਕਾਂਗਰਸ ਸਰਕਾਰ ਦੇ ਇਸ ਧਰਮ-ਵਿਰੋਧੀ ਰਵੱਈਏ ਕਾਰਨ ਜਰੂਰੀ ਹੋ ਗਿਆ ਹੈ ਕਿ ਸਿਖ ਆਪਣਾ ਪਿਆਰਾ ਧਰਮ ਤੇ ਆਪਣੀ ਜਾਨ ਤੋਂ ਵੀ ਪਿਆਰੇ ਪਵਿਤਰ ਗੁਰਧਾਮਾਂ ਨੂੰ ਸਰਕਾਰੀ ਦਖ਼ਲ ਤੋਂ ਆਜ਼ਾਦ ਕਰਾਉਣ ਲਈ ਸ਼ਹੀਦੀਆਂ, ਕੁਰਬਾਨੀਆਂ ਤੇ ਕਠਨਾਈਆਂ ਦਾ ਉਹੋ ਰਸਤਾ ਅਖ਼ਤਿਆਰ ਕਰਨ, ਜੋ ਸਤਿਗੁਰੂ ਅਰਜਨ ਦੇਵ ਜੀ ਮਹਾਰਾਜ ਤੇ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਨੇ ਪੂਰਨ ਸ਼ਾਂਤੀ ਨਾਲ ਚਲਦਿਆਂ ਸਿਖ ਪੰਥ ਨੂੰ ਦਰਸਾਇਆ ਹੈ।

ਇਸ ਲਈ ਅੱਜ ਦਾ ਇਹ ਅਦੁਤੀ ਤੇ ਇਤਿਹਾਸਕ ਇਕੱਠ ਸਮੂੰਹ ਪੰਥ-ਦਰਦੀਆਂ, ਸੰਤਾਂ ਮਹੰਤਾਂ, ਸਮੂੰਹ ਸਿਖ ਜਥੇਬੰਦੀਆਂ ਤੇ ਸਿਖ ਸੰਸਥਾਵਾਂ, ਸਮੂੰਹ ਸਿਖ ਸੰਪਰਦਾਵਾਂ ਤੇ ਨਿਹੰਗ ਸਿੰਘਾਂ ਤੇ ਸਮੂੰਹ ਧਰਮੀਆਂ ਤੇ ਨਾਨਕ ਨਾਮ-ਲੇਵਾ ਨੂੰ ਵੰਗਾਰਦਾ ਹੈ ਕਿ ਉਹ ਆਪਣੇ ਪਾਵਨ ਗੁਰਧਾਮਾਂ ਨੂੰ ਸਰਕਾਰੀ ਦਖ਼ਲ ਤੋਂ ਬਚਾਉਣ ਲਈ ਤਤਪਰ ਹੋ ਜਾਣ ਤੇ ਕਮਰਕਸੇ ਕਰ ਕੇ ਸ਼ਹੀਦੀ ਦਲ ਵਿਚ ਭਰਤੀ ਹੋ ਕੇ ਵਡੀ ਤੋਂ ਵਡੀ ਕੁਰਬਾਨੀ ਕਰਨ ਲਈ ਤਿਆਰ ਹੋ ਜਾਣ। ਨਗਾਰੇ ਉਤੇ ਚੋਟ ਲਗ ਗਈ ਹੈ ਤੇ ਪੰਥ ਲਈ ਕਰੜੇ ਇਮਤਿਹਾਨ ਵਿਚੋਂ ਲੰਘਣ ਦਾ ਸਮਾਂ ਆ ਗਿਆ ਹੈ। ਇਸ ਮਹਾਨ ਵਿਸ਼ਵ ਕਨਵੈਨਸ਼ਨ ਨੂੰ ਨਿਸਚਾ ਹੈ ਕਿ ਜਿੱਤ ਖ਼ਾਲਸਾ ਪੰਥ ਦੀ ਹੋਵੇਗੀ ਤੇ ਜੋ ਅੜੇਗਾ ਉਹ ਝੜੇਗਾ, ਪੰਥ ਦਾ ਵਾਲੀ ਆਪ ਆਪਣੇ ਪੰਥ ਦੀ ਸਹਾਇਤਾ ਕਰੇਗਾ।

ਇਹ ਮਹਾਨ ਕਨਵੈਨਸ਼ਨ ਸਰਕਾਰ ਹਿੰਦ ਨੂੰ ਹੋਲੇ ਮਹੱਲੇ ਅਰਥਾਤ ੨੬ ਮਾਰਚ ੧੯੭੫ ਤਕ ਦਾ ਸਮਾਂ ਦਿੰਦੀ ਹੈ ਕਿ ਉਹ ਸਿਖਾਂ ਵਰਗੀ ਜਾਨਬਾਜ਼ ਕੌਮ ਦੇ ਕਲੇਜੇ ਨੂੰ ਹੱਥ ਪਾਉਣ ਤੋਂ ਸੰਕੋਚ ਕਰੇ, ਨਹੀਂ ਤਾਂ ਸਿਖ ਪੰਥ ਦੇ ਵੀਰ ਬਾਂਕੇ ਤੇ ਸ਼ਹੀਦੀ ਦਲ ਦੇ ਵਾਲੰਟੀਅਰ ਆਪਣੇ ਧਰਮ-ਅਸਥਾਨਾਂ ਦੀ ਆਜ਼ਾਦੀ ਬਹਾਲ ਕਰਨ ਅਤੇ ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਦੀ ਸਰਬ ਸੰਸਾਰਕ ਸਿਖੀ ਸਾਂਝ ਨੂੰ ਕਾਇਮ ਰਖਣ ਲਈ ਕੁਰਬਾ-ਨੀਆਂ ਦਾ ਰਸਤਾ ਅਪਣਾਉਣ ਲਈ ਮਜਬੂਰ ਹੋਣਗੇ।

ਇਹ ਪ੍ਰਤੀਨਿਧ ਕਨਵੈਨਸ਼ਨ ਇਸ ਪਰੋਗਰਾਮ ਦੀ ਪੂਰਤੀ ਲਈ ਪਰਧਾਨ ਸ਼੍ਰੋਮਣੀ ਗੁ: ਪ੍ਰ: ਕਮੇਟੀ ਨੂੰ ਆਗਿਆ ਦਿੰਦੀ ਹੈ ਕਿ ਉਹ ਸਿਖ ਪੰਥ ਦੀ ਸਰਬ-ਪੱਖੀ ਪ੍ਰਤੀਨਿਧ ਐਕਸ਼ਨ ਕਮੇਟੀ ਬਣਾ ਕੇ ਧਰਮ ਯੁਧ ਦੀ ਰੂਪ-ਰੇਖਾ ਤਿਆਰ ਕਰਨ। ਗੁਰੂ ਅਕਾਲ ਪੁਰਖ ਪੰਥ ਦੀ ਆਪ ਸਹਾਇਤਾ ਕਰਨਗੇ।

**ਦੂਜਾ ਮਤਾ—**

## ਫ਼ੌਜੀ ਭਰਤੀ ਵਿਚ ਸਿਖਾਂ ਨਾਲ ਅਨਿਆਇ—

ਸਰਕਾਰ ਦੀ ਫ਼ੌਜ ਲਈ ਭਰਤੀ ਦੀ ਨੀਤੀ ਗਲਤ ਹੈ। ਇਹ ਨਾ ਕੇਵਲ ਸਿੱਖਾਂ ਵਰਗੀ ਬੀਰ ਕੌਮ ਉੱਤੇ ਸੰਦੇਹ ਪ੍ਰਗਟ ਕਰਦੀ ਹੈ ਸਗੋਂ ਸੁਰੱਖਿਆ ਦੇ ਕਾਜ ਲਈ ਵੀ ਭਾਰੀ ਹਾਨੀਕਾਰਕ ਹੈ।

ਸਰਬ ਸੰਸਾਰ ਸਿਖ ਕਨਵੈਨਸ਼ਨ ੨ ਫ਼ਰਵਰੀ ੧੯੭੫ ਦਾ ਸਜਿਆ ਅੱਜ ਦਾ ਇਹ ਸਮਾਗਮ, ਭਾਰਤ ਸਰਕਾਰ ਦੀ ਦੇਸ਼ ਦੀਆਂ ਫ਼ੌਜਾਂ ਵਿਚੋਂ ਗਿਣਤੀ ਘਟਾਉਣ ਦੀ ਸਿੱਖ ਮਾਰੂ ਨੀਤੀ ਨੂੰ ਬੜੇ ਦੁਖ ਨਾਲ ਅਨੁਭਵ ਕਰਦਾ ਹੋਇਆ ਭਾਰਤ ਸਰਕਾਰ ਨੂੰ ਦੱਸਣਾ ਚਾਹੁੰਦਾ ਹੈ ਕਿ, ਸਿੱਖ ਸਾਰੀ ਦੁਨੀਆ ਦੇ ਫ਼ੌਜੀ ਮਾਹਰਾਂ ਦੀ ਨਿਗਾਹ ਵਿਚ, ਯੁੱਧ ਨੀਤੀ ਅਤੇ ਰਣ ਮੈਦਾਨ ਵਿਚ ਪਹਿਲੇ ਨੰਬਰ ਉਤੇ ਰਹਿੰਦੇ ਰਹੇ ਹਨ ਅਤੇ ਭਾਰਤ ਅਜ਼ਾਦ ਹੋਣ ਪਿਛੋਂ ਜਿੰਨੇ ਵੀ ਯੁੱਧ ਹੋਏ ਹਨ



www.AKJ.Org

ਉਨ੍ਹਾਂ ਵਿਚ ਆਪਣੀਆਂ ਜਾਨਾਂ ਤੇ ਖੇਲ ਕੇ ਦੇਸ਼ ਪ੍ਰਤੀ ਵਫ਼ਾਦਾਰੀ ਅਤੇ ਬੀਰਤਾ ਦੇ ਜੋਹਰ ਦਿਖਾ ਕੇ ਸ਼ਾਨਦਾਰ ਪ੍ਰਾਪਤੀਆਂ ਕਰ ਚੁਕੇ ਹਨ। ਇਸ ਦੇ ਬਾਵਜੂਦ ਸਿੱਖਾਂ ਦੀ ਫ਼ੌਜ ਵਿਚੋਂ ਭਰਤੀ ਘਟਾਉਣ ਦੀ ਨੀਤੀ ਜਿਥੇ ਸਿਖਾਂ ਜੈਸੀ ਬੀਰਤਾ-ਭਰਪੂਰ ਕੌਮ ਉਤੇ ਸੰਦੇਹ ਪ੍ਰਗਟ ਕਰਨ ਵਾਲੀ ਹੈ, ਉਥੇ ਦੇਸ਼ ਦੀ ਰਖਿਆ ਦੇ ਕਾਜ਼ ਲਈ ਵੀ ਭਾਰੀ ਨੁਕਸਾਨ-ਦੇਹ ਹੈ। ਵੀਹ ਸਾਲ ਲੁਕਵੇਂ ਅਮਲ ਕਰਕੇ ਹੁਣ ਪ੍ਰਗਟ ਕੀਤਾ ਗਿਆ ਹੈ ਕਿ ਇਹ ਨੀਤੀ ੧੯੫੩ ਵਿਚ ਭਾਰਤ ਸਰਕਾਰ ਨੇ ਅਪਣਾਈ ਸੀ। ਜਿਥੇ ਬਾਕੀ ਸਰਵਿਸਿਜ਼ ਵਿਚ ਮੈਰਿਟ ਨੂੰ ਮੁਖ ਆਧਾਰ ਰਖਿਆ ਗਿਆ ਹੈ ਉਥੇ ਡੀਫ਼ੈਂਸ ਸਰਵਿਸਿਜ਼ ਮੈਰਿਟ (ਪ੍ਰਯੋਗਤਾ) ਲਈ ਆਬਾਦੀ ਦਾ ਬਹਾਨਾ ਰਖ ਕੇ ਸਿਖਾਂ ਦੀ ਗਿਣਤੀ ਘਟਾਈ ਗਈ ਹੈ ਜਿਹੜੀ ਕਿ ਪ੍ਰਗਟ ਤੌਰ ਤੇ ਸਿਖਾਂ ਨਾਲ ਵਿਤਕਰਾ ਤੇ ਧੱਕਾ ਹੈ। ਭਾਰਤ ਸਰਕਾਰ ਆਪਣੀ ਨੀਤੀ ਸੋਧ ਕੇ ਦੇਸ਼ ਅਜ਼ਾਦ ਹੋਣ ਸਮੇਂ ਦੀ ਨੀਤੀ ਬਹਾਲ ਕਰੇ ਤਾਂ ਜੁ ਸਿੰਘ ਪਹਿਲਾਂ ਦੀ ਤਰ੍ਹਾਂ ਪੂਰੇ ਹੌਸਲੇ, ਬੀਰਤਾ ਨਾਲ ਦੇਸ਼ ਦੀ ਰਖਿਆ ਲਈ ਪੂਰੇ ਜੋਸ਼ ਨਾਲ ਸੇਵਾ ਕਰਦੇ ਰਹਿਣ।

**ਚੌਥਾ ਮਤਾ—**

ਗੁਰਦੁਆਰਾ ਮੰਜੀ ਸਾਹਿਬ ਵਿਚ ਸਜੇ ਵਿਸ਼ਵ ਸਿੱਖ ਸਮੇਲਨ ਵਲੋਂ ਸਰਕਾਰ ਨੂੰ ਜ਼ੋਰਦਾਰ ਸ਼ਬਦਾਂ ਵਿਚ ਚੇਤਾਵਨੀ ਦਿਤੀ ਗਈ ਕਿ ਸਿੱਖ, ਗੁਰਦੁਆਰਾ ਪ੍ਰਬੰਧ ਵਿਚ ਸਰਕਾਰ ਦਾ ਦਖ਼ਲ ਕਿਸੇ ਹਾਲਤ ਵਿਚ ਵੀ ਬਰਦਾਸ਼ਤ ਨਹੀਂ ਕਰਨਗੇ। ਵਖ ਵਖ ਰਾਜਾਂ ਵਿਚ ਸਰਕਾਰ ਵਲੋਂ ਗੁਰਦੁਆਰਿਆਂ ਦੇ ਪ੍ਰਬੰਧ ਲਈ ਜੋ ਬੋਰਡ ਬਣਾਏ ਜਾ ਰਹੇ ਹਨ ਉਹਨਾਂ ਨੂੰ ਠੁਕਰਾ ਦਿਤਾ ਗਿਆ ਤੇ ਉਹਨਾਂ ਵਿਚ ਨਾਮਜ਼ਦ ਕੀਤੇ ਗਏ ਜਾਂ ਕੀਤੇ ਜਾਣ ਵਾਲੇ ਮੈਂਬਰਾਂ ਨੂੰ ਇਹ ਚੇਤਾਵਨੀ ਦਿਤੀ ਗਈ ਕਿ ਉਹ ਇਹ ਮੈਂਬਰੀਆਂ ਨਾ ਕਬੂਲਣ, ਨਹੀਂ ਤਾਂ ਉਹਨਾਂ ਦਾ ਸਮੁਚਾ ਪੰਥ ਬਾਈ-ਕਾਟ ਕਰੇਗਾ ਤੇ ਉਹਨਾਂ ਨਾਲ ਭਾਈਚਾਰਕ ਨਾ-ਮਿਲਵਰਤਣ ਕੀਤੀ ਜਾਏਗੀ। ਕਸ਼ਮੀਰ ਦੀ ਕਾਸਮ ਸਰਕਾਰ ਵਲੋਂ ਰਿਆਸਤੀ ਗੁਰਦੁਆਰਿਆਂ ਦੇ ਪ੍ਰਬੰਧ ਲਈ ਬਣਾਏ ਗਏ ਬੋਰਡ ਵਿਚ ਨਾਮਜ਼ਦ ਕੀਤੇ ਗਏ ਮੈਂਬਰਾਂ ਨੂੰ ਇਕ ਮਹੀਨੇ ਦੇ ਅੰਦਰ ਅੰਦਰ ਬੋਰਡ ਤੋਂ ਅਸਤੀਫ਼ੇ ਦੇ ਦੇਣ ਲਈ ਕਿਹਾ ਗਿਆ।

ਇਹ ਮਤਾ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਚਲਦਾ ਵਹੀਰ ਨਿਹੰਗ ਸਿੰਘ ਪੰਜਵਾਂ ਤਖ਼ਤ ਦੇ ਜਥੇਦਾਰ ਸਿੰਘ ਸਾਹਿਬ ਛਿਆਨਵੇਂ ਕਰੋੜੀ ਸਲਤਾਨੁਲ ਕੌਮ ਬਾਬਾ ਸੰਤਾ ਸਿੰਘ ਜੀ ਨੇ ਪੇਸ਼ ਕੀਤਾ।

ਜਥੇਦਾਰ ਜੀ ਨੇ ਆਪਣੀ ਤਕਰੀਰ ਵਿਚ ਇਸ ਗੱਲ ਤੇ ਦੁਖ ਪ੍ਰਗਟ ਕੀਤਾ ਕਿ ਗੁਰਦਵਾਰਿਆਂ ਵਿਚ ਸਰਕਾਰੀ ਦਖ਼ਲ ਦਿਨੋ ਦਿਨ ਵਧ ਰਿਹਾ ਹੈ ਤੇ ਗੁਰਦੁਆਰਿਆਂ ਤੇ ਕੰਟਰੋਲ ਕਰਨ ਵਾਲੀ ਜਥੇਬੰਦੀ ਦੇ ਨੁਮਾਇੰਦੇ ਵੀ ਹੁਣ ਗ਼ੈਰ-ਸਿਖ ਨਾਮਜ਼ਦ ਕਰਨ ਲਗ ਪਏ ਹਨ। ਇਹ ਨੁਮਾਇੰਦੇ ਸਿਖੀ ਤੋਂ ਹੀਣ ਹਨ ਤੇ ਉਹਨਾਂ ਵਿਚੋਂ ਕੁਝ ਦਾ ਸਿਖੀ ਚਲਣ ਢਹਿੰਦੀ ਕਲਾ ਦਾ ਹੀ ਨਹੀਂ, ਸਗੋਂ ਪਤਤਪੁਣੇ ਦਾ ਵੀ ਹੈ ਤੇ ਇਸ ਧੱਕੇ ਨੂੰ ਸਿਖ ਕਦੇ ਵੀ ਬਰਦਾਸ਼ਤ ਨਹੀਂ ਕਰਨਗੇ ਤੇ ਇਸ ਧਕੇ ਨੂੰ ਦੂਰ ਕਰਵਾਉਣ ਲਈ ਜੋ ਵੀ ਕੁਰਬਾਨੀ ਕਰਨੀ ਪਈ, ਕਰਨਗੇ।

**ਪੰਜਵਾਂ ਮਤਾ—**

**ਫ਼ੌਜ 'ਚ ਸਿਖਾਂ ਨੂੰ ਸਜ਼ਾਵਾਂ—**

ਸਰਬ ਹਿੰਦ ਸਿਖ ਕਨਵੈਨਸ਼ਨ ਦਾ ੨ ਫ਼ਰਵਰੀ ੧੯੭੫ ਦਾ ਸਜਿਆ ਅਜ ਦਾ ਇਹ ਸਮਾਗਮ ਬੜੇ ਦੁਖ ਨਾਲ ਭਾਰਤ ਸਰਕਾਰ ਅਤੇ ਉਸ ਦੇ ਡੀਫ਼ੈਂਸ ਮਹਿਕਮੇ ਦੀ, ਸਿਖਾਂ ਦੇ ਕੇਸਾਂ ਅਤੇ ਦਾੜ੍ਹੀਆਂ ਬਾਰੇ ਨੀਤੀ ਤੇ ਵਿਵਹਾਰ ਨੂੰ ਗਹਿਰੇ ਦੁਖ ਨਾਲ ਵੇਖਦਾ ਹੈ, ਜਿਸ ਕਾਰਨ ਖੁਲ੍ਹੀਆਂ ਦਾੜ੍ਹੀਆਂ ਰਖਣ ਵਾਲਿਆਂ ਨੂੰ ਤਾਂ ਸਜ਼ਾਵਾਂ ਦੇ ਕੇ ਨੌਕਰੀਆਂ ਤੋਂ ਕਢਿਆ ਜਾ ਰਿਹਾ ਹੈ, ਦੂਜੇ ਪਾਸੇ ਡੀਫ਼ੈਂਸ ਰੂਲਜ਼ ਦੀ ਪਰਵਾਹ ਨਾ ਕਰਦੇ ਹੋਇਆਂ, ਕੇਸ ਦਾੜ੍ਹੀ ਕਟਣ ਤੇ ਮੁਨਣ ਵਾਲਿਆਂ ਨੂੰ ਉਤਸ਼ਾਹਤ ਕੀਤਾ ਜਾ ਰਿਹਾ ਹੈ। ਇਹ ਦੋਵੇਂ ਚੀਜ਼ਾਂ ਹੀ ਫ਼ੌਜੀ ਪਰੰਪਰਾ ਤੇ ਨਿਯਮਾਂ ਦੀ ਉਲੰਘਣਾ ਅਤੇ ਸਿਖ ਧਰਮ ਮਰਯਾਦਾ ਵਿਚ ਸਿਧਾ ਦਖ਼ਲ ਹੈ।

ਇਹ ਸਰਬ ਸੰਸਾਰ ਕਨਵੈਨਸ਼ਨ, ਭਾਰਤ ਸਰਕਾਰ ਨੂੰ ਚੇਤਾਵਨੀ ਦੇਂਦੀ ਹੈ ਕਿ, ਉਹ ਫ਼ੌਜ ਵਿਚ ਕੇਸਾਂ ਦਾੜ੍ਹੀਆਂ ਦੀ ਬੇਅਦਬੀ ਕਰਨ ਵਾਲਿਆਂ ਨੂੰ ਪੁਰਾਣੀ ਰੀਤੀ ਅਨੁਸਾਰ ਜ਼ੋਰ ਨਾਲ ਅਮਲ ਕਰਾਏ ਅਤੇ ਜਿਨ੍ਹਾਂ ਬੇ-ਕਸੂਰੇ ਸਿੰਘਾਂ ਨੂੰ ਖੁਲ੍ਹੀਆਂ ਦਾੜ੍ਹੀਆਂ ਕਾਰਨ ਨੇਵੀ ਅਤੇ ਏਅਰ ਫ਼ੋਰਸ ਵਿਚ ਸਜ਼ਾਵਾਂ ਦਿਤੀਆਂ ਜਾ ਰਹੀਆਂ ਹਨ ਉਹ ਬੰਦ ਕਰ ਕੇ ਕਢੇ ਗਏ ਸਿੰਘਾਂ ਨੂੰ ਤਰਤ ਬਹਾਲ ਕਰੇ।



www.AKJ.Org

# ਅਨੰਦਪੁਰ ਸਾਹਿਬ ਵਿਖੇ ਸਿਖ ਪੰਥ ਵਲੋਂ ਭਾਰੀ ਸੰਮੇਲਨ

ਐਤਕੀ ਵੈਸਾਖੀ ਸਮੇਂ ੧੨ ਤੋਂ ੧੪ ਅਪ੍ਰੈਲ ੧੯੭੫ ਨੂੰ ਸ੍ਰੀ ਅਨੰਦਪੁਰ ਕੇਸਗੜ੍ਹ ਸਾਹਿਬ ਵਿਖੇ ਪੰਥ ਦਾ ਇਕ ਭਾਰੀ ਸਮੇਲਨ ਹੋ ਰਿਹਾ ਹੈ। ਅਖੰਡ ਕੀਰਤਨੀ ਜੱਥੇ ਦੀ ਕਾਰਜ-ਸਾਧਕ ਕਮੇਟੀ ਨੇ ਪੋਹ ਸੁਦੀ ਸਪਤਮੀ ਦੇ ਸਮਾਗਮ ਸਮੇਂ ਲੁਧਿਆਣੇ ਵਿਖੇ ਇਸ ਭਾਵ ਦਾ ਮਤਾ ਪਾਸ ਕੀਤਾ ਕਿ ਜੱਥੇ ਦੇ ਸਾਰੇ ਸਿੰਘ ਤੇ ਸਿੰਘਣੀਆਂ ਇਸ ਮੌਕੇ ਤੇ ਭਾਰੀ ਗਿਣਤੀ ਵਿਚ ਹੁਮ-ਹੁਮਾ ਕੇ ਪਹੁੰਚਣ। ਆਪਣੇ ਜੱਥੇ ਵਲੋਂ ਐਤਕੀ ਵੈਸਾਖੀ ਅੰਮ੍ਰਿਤਸਰ ਵਿਖੇ ਨਹੀਂ ਮਨਾਈ ਜਾਵੇਗੀ।

**ਅਖੰਡ ਕੀਰਤਨੀ ਜੱਥਿਆਂ ਦੇ ਸਾਰੇ ਕੀਰਤਨ-ਪ੍ਰੋਗਰਾਮ ਵੈਸਾਖੀ ਸਮੇਂ ਤਖ਼ਤ ਸ੍ਰੀ ਕੇਸ ਗੜ੍ਹ ਸਾਹਿਬ ਵਿਖੇ ਹੋਣਗੇ। ਪੂਰਾ ਵੇਰਵਾ ਅਪ੍ਰੈਲ ਦੇ ਪਰਚੇ ਵਿਚ ਦਿਤਾ ਜਾਵੇਗਾ। ਉਥੇ ਪਹੁੰਚਣ ਲਈ ਹੁਣ ਤੋਂ ਹੀ ਤਿਆਰੀਆਂ ਅਰੰਭ ਦੇਵੋ ਜੀ।**

# ਚੰਡੀਗੜ੍ਹ ਵਿਖੇ ਹੋਲਾ ਮਹੱਲਾ ਕੀਰਤਨ-ਸਮਾਗਮ

ਗੁਰੂ ਆਸਰੇ ਗੁਰਸਿਖਾਂ ਦੇ ਸਹਿਯੋਗ ਨਾਲ ਗੁਰਦੁਆਰਾ ਸੈਕਟਰ ੧੯-ਡੀ, ਚੰਡੀਗੜ੍ਹ ਵਿਖੇ ੨੮ ਮਾਰਚ ਸਵੇਰ ਤੋਂ ੩੦ ਮਾਰਚ ੧੯੭੫ ਸਵੇਰ ਤਕ ਸੁਭਾਗ ਹੋਲੇ ਮਹੱਲੇ ਸਮੇਂ ਸਾਲਾਨਾ ਅਖੰਡ ਕੀਰਤਨ ਸਮਾਗਮ ਤੇ ਰੈਣ-ਸਬਾਈ ਕੀਰਤਨ ਹੋਣੇ ਨੀਯਤ ਹੋਏ ਹਨ। ਆਪ ਜੀ ਪਰਵਾਰਾਂ ਤੇ ਸਤਸੰਗੀਆਂ ਸਮੇਤ ਹੁਮ ਹੁਮਾ ਕੇ ਦਰਸ਼ਨ ਬਖ਼ਸ਼ੋ ਜੀ।

## ਪ੍ਰੋਗਰਾਮ

੨੮-੩-੭੫ ਸ਼ੁਕਰਵਾਰ ਸਵੇਰੇ ੫-੦੦ ਤੋਂ ੧-੦੦ ਆਸਾ ਦੀ ਵਾਰ ਤੋਂ ਉਪਰੰਤ ਖੁਲ੍ਹਾ ਅਖੰਡ ਕੀਰਤਨ
ਸ਼ਾਮ ੭-੦੦ ਤੋਂ ੯-੩੦ ਸੋਦਰ ਦੀ ਚੌਂਕੀ ਤੇ ਅਖੰਡ ਕੀਰਤਨ

੨੯-੩-੭੫ ਸ਼ਨੀਵਾਰ ਸਵੇਰ ੫-੦੦ ਤੋਂ ੧-੦੦ ਆਸਾ ਦੀ ਵਾਰ ਤੋਂ ਉਪਰੰਤ ਖੁਲ੍ਹਾ ਅਖੰਡ ਕੀਰਤਨ
**ਦੁਪਹਿਰ ੩-੦੦ ਵਜੇ ਅੰਮ੍ਰਿਤ-ਸਿੰਚਾਰ ਸਮਾਗਮ**
ਸ਼ਾਮ ੭-੦੦ ਵਜੇ ਰੈਣ-ਸਬਾਈ ਕੀਰਤਨ ਅਰੰਭ ਹੋ ਕੇ
ਭੋਗ ੩੦ ਮਾਰਚ ਐਤਵਾਰ ਸਵੇਰੇ ੧੦ ਵਜੇ ਪਵੇਗਾ।

ਨੋਟ:— ੧. ਰਿਹਾਇਸ਼ ਤੇ ਲੰਗਰ ਧਰਮਸਾਲਾ ਸਨਾਤਨ ਧਰਮ, ਸੈਕਟਰ ੨੭-ਡੀ ਵਿਖੇ ਹੋਵੇਗਾ, ਜੋ ਗੁਰਦੁਆਰਾ ਰਾਮਗੜ੍ਹੀਆ ਭਵਨ ਦੇ ਬਿਲਕੁਲ ਨੇੜੇ ਹੈ।

੨. ਆਪਣੀ ਲੋੜ ਮੂਜਬ ਬਿਸਤਰੇ ਨਾਲ ਜ਼ਰੂਰ ਲਿਆਓ ਜੀ।

ਪੁੱਛ-ਗਿਛ ਲਈ—ਹਰਚਰਨ ਸਿੰਘ
੨੨੬, ਸੈਕਟਰ ੨੧-ਏ, ਚੰਡੀਗੜ੍ਹ

ਦਰਸ਼ਨ ਅਭਿਲਾਖੀ—
ਅਖੰਡ ਕੀਰਤਨੀ ਜੱਥਾ, ਚੰਡੀਗੜ੍ਹ

www.AKJ.Org